# ਅੰਮ੍ਰਿਤ ਕੀਰਤਨ

ਅੰਕ 7 ਸਾਲ ਤੀਜਾ ਜੁਲਾਈ 1991




ਆਨਰੇਰੀ ਸੰਪਾਦਕ ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਅੰਕ 7 ਸਾਲ ਤੀਜਾ ਜੁਲਾਈ 1991

ਸੰਪਾਦਕ (ਆਨਰੇਰੀ)
ਡਾ. ਜਾਗੀਰ ਸਿੰਘ

ਸਹਿਯੋਗੀ
ਡਾ. ਤ੍ਰਿਲੋਚਨ ਸਿੰਘ ਤਰਸੀ
ਡਾ. ਕਰਨੈਲ ਸਿੰਘ ਸੋਮਲ
ਹਰਿਭਜਨ ਸਿੰਘ ਚੌਪੜਾ
ਸ੍ਰ. ਕੁਲਦੀਪ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿਤਰਕਾਰ : ਗੁਰਦੀਪ ਸਿੰਘ ਦੀਪ

ਚਿੱਠੀ ਪੱਤਰ ਲਈ ਪਤਾ :

**ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)**
422, ਸੈਕਟਰ 15-ਏ,
ਚੰਡੀਗੜ੍ਹ-160015
ਫੋਨ : 24660

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ ਚੰਡੀਗੜ੍ਹ ਦੇ ਪੱਤਰ ਨੰ: 4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰ ਸਕੂਲਾਂ ਦੀਆਂ ਲਾਇਬ੍ਰੇਰੀਆ ਲਈ ਪ੍ਰਵਾਣਿਤ ਹੈ।

**ਵਿਸ਼ਾ** **ਪੰਨਾ**

1. ਤੁਹਾਡੇ ਪੱਤਰ 4
2. ਕੀਰਤਨ
— ਗੁਰਸ਼ਰਨਜੀਤ ਸਿੰਘ 5
3. ਗੁਰਬਾਣੀ ਸੰਗੀਤ ਸੰਕੇਤਾਂ ਅਤੇ ਸਿਰਲੇਖਾਂ ਦਾ ਗੁਰਮਤਿ ਸੰਗੀਤ ਵਿੱਚ ਮਹੱਤਵ
— ਡਾ. ਜਸਬੀਰ ਸਿੰਘ ਸਾਬਰ 11
4. ਫ਼ਨੇ-ਕੱਵਾਲੀ ਅਤੇ ਇਸ ਫਨ (ਹੁਨਰ) ਦੇ ਕਲਾਕਾਰ ਕੱਵਾਲ
— ਟੀ.ਸੀ. ਨਾਗਪਾਲ 16
5. "ਕਿਵ ਕੂੜੈ ਤੁਟੈ ਪਾਲਿ"
— ਪ੍ਰੋ. ਸਾਹਿਬ ਸਿੰਘ 22
6. ਨੋਟੇਸ਼ਨ ਵਾਲੇ ਸ਼ਬਦ ਦੇ ਅਰਥ 26
7. ਸ਼ਬਦ-ਸੁਰ ਲਿਪੀ ਰਾਗ ਕਲਿਆਣ
— ਸ੍ਰ. ਉੱਤਮ ਸਿੰਘ 27
8. ਰਾਗ ਹੀ ਸਭ ਕਲਾਵਾਂ ਦਾ ਮੂਲ ਹੈ
— ਪ੍ਰਿੰ. ਸਤਿਬੀਰ ਸਿੰਘ 28
9. ਗੁਰੂ ਕਾਵਿ ਦੀ ਕਾਵਿਕ ਤੇਕ ਸੰਗੀਤ ਪਿੱਠ-ਭੂਮੀ
—ਡਾ. ਜਾਗੀਰ ਸਿੰਘ 31

ਨੋਟ : ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਤੁਹਾਡੇ ਪੱਤਰ

## ਡਾ: ਜਾਗੀਰ ਸਿੰਘ ਜੀ : ਮੁਬਾਰਕਵਾਦ ਦੇ ਪਾਤਰ

ਮਾਸਿਕ ਅੰਕ 'ਅੰਮ੍ਰਿਤ ਕੀਰਤਨ' ਸੰਨ 1989 ਤੋਂ ਚਾਲੂ ਕਰਕੇ ਡਾ. ਸਾਹਿਬ ਨੇ ਜਿੱਥੇ ਇਕ ਸ਼ਲਾਘਾ ਯੋਗ ਉਦਮ ਕੀਤਾ ਹੈ ਉਥੇ ਸ਼ਬਦ ਕੀਰਤਨ ਅਤੇ ਸੰਗੀਤ ਸੰਬਧੀ (ਮੁਖਤਲਿਫ ਢੰਗਾਂ ਦੀ ਗਾਇਕੀ ਅਥਵਾ ਵਾਦਨ-ਕਲਾ) ਦੀ ਡੂੰਘੀ ਖੋਜ ਪਹਿਚਾਣ ਦਾ ਭੀ ਕਲਾ-ਪ੍ਰੇਮੀਆਂ, ਸਰੋਤਿਆਂ ਸੱਜਣਾਂ, ਪਾਠਕਾਂ ਅਤੇ ਕਿੱਤੇ ਤੇ ਤੌਰ ਤੇ ਗਾਉਣ ਵਜਾਉਣ ਵਾਲੇ ਕਲਾਕਾਰਾਂ ਨੂੰ ਭੀ ਸੁਭ ਮੌਕਿਆ ਪ੍ਰਦਾਨ ਕੀਤਾ ਹੈ। ਇਸ ਢੰਗ ਨਾਲ ਹਰ ਮਹੀਨੇ, ਕਈ ਕਈ ਚਿਰ ਦੇ ਹੋਏ ਬੀਤੇ, ਭੁੱਲੇ ਵਿਸਰੇ, ਸਵਰਗਵਾਸੀ ਅਤੇ ਮੌਜੂਦਾ ਦੌਰ ਦੇ ਉੱਘੇ ਮਸ਼ਹੂਰ ਅਤੇ ਨਿਤ-ਨਵੇਂ ਕਲਾਕਾਰਾਂ ਦੇ ਨਾਮ ਗਾਹੇ-ਬਗਾਹੇ ਸਾਹਮਣੇ ਆ ਰਹੇ ਹਨ ਇੰਜ ਦਿਨ ਬ-ਦਿਨ ਪਾਠਕ ਸੱਜਣਾਂ ਦੇ ਇਲਮ ਜਾਣਕਾਰੀ ਵਿਚ ਇਜ਼ਾਫਾ ਭੀ ਹੋ ਰਿਹਾ ਹੈ। ਲੋਕ ਦਿਲਚਸਪੀ ਭੀ ਲੈ ਰਹੇ ਹਨ ਅਤੇ ਹੋਏ ਬੀਤੇ (ਰਫ਼ਤਾਗਾਂ ਫ਼ਨਕਾਰ) ਯਾਨੀ ਸਵਰਗਵਾਸੀ ਹੁਨਰਮੰਦਾਂ (ਸ਼ਬਦ ਗਾਇਕ : ਰਾਗੀ ਰਬਾਬੀ, ਬੈਂਡ ਆਰਟਿਸਟ, ਕੱਵਾਲੀ ਗਾਇਕ ਆਰ-ਟਿਸਟਾਂ) ਦਾ ਨਾਮ ਭੀ ਉਜਾਗਰ ਅਤੇ ਤਾਜ਼ਾ ਰੋਸ਼ਨ ਹੋ ਰਿਹਾ ਹੈ। ਇਤਨੀਆਂ ਪੁਰਾਣੀਆਂ (ਸਣੇ Eye Witness ਦੀਆਂ) ਯਾਦਾਂ ਤਾਜ਼ਾ ਵੀ ਹੋਣ ਕਾਰਣਆਉਣ ਵਾਲੀਆਂ ਨਸਲਾਂ ਭੀ ਕੁਝ ਖੁਸ਼ੀ ਵ ਰਸ ਅਨੰਦ ਜ਼ਰੂਰ ਹੀ ਮਾਣਨਗੀਆਂ ਅਤੇ ਮੁਸਤਫੀਦ ਭੀ ਹੋਣਗੀਆਂ। ਇਲਾਵਾ ਜੇਕਰ ਹੋਰ ਜ਼ਿਆਦਾ ਨਹੀਂ ਤਾਂ ਕਮ ਅਜ ਕਮ ਗੁਰੂ ਬਾਬਾ ਨਾਨਕ ਜੀ ਅਤੇ ਭਾਈ ਮਰਦਾਨਾ ਜੀ ਦੇ ਦੌਰ ਤੋਂ ਹੁਣ ਤੱਕ ਦੀ ਤਸਵੀਰ ਤਾਂ ਕਿਸੇ ਹੱਦ ਤੱਕ ਜ਼ਰੂਰ ਹੀ ਆਉਣ ਵਾਲੇ ਸਮੇਂ ਵਿਚ ਪਬਲਿਕ ਦੇ ਰੂਬਰੂ ਹੋਵੇਗੀ। ਉਪਰੰਤ ਅੰਕ ਨੰ. 5 ਮਈ 1991 ਸਫਾ 33 ਉਪਰ ਮਹਾਨ ਕੀਰਤਨੀ ਸੱਜਣ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਜੀ ਦਾ ਸਰੋਤਿਆਂ ਨੂੰ ਸੋਹਣਾ ਸੁਚਜਾ (To the Point) ਜਵਾਬ ਕਿ "ਸਾਨੂੰ ਕੱਚੇ ਰਾਗ ਗਾਉਣ ਦੀ ਆਦਤ ਨਹੀ" ਪੜ੍ਹਕੇ ਦਿਲੀ ਪ੍ਰਸੰਨਤਾ ਹੋਈ। ਆਖ਼ਿਰ ਅਸਲੀ ਕਲਾਕਾਰ ਵਿਚ ਕੁਝ ਵਿਲੱਖਣਤਾ ਭੀ ਹੁੰਦੀ ਹੈ। Self Confidance ਅਤੇ Guts ਭੀ ਹੁੰਦੇ ਹਨ।

ਟੀ. ਸੀ. ਨਾਗਪਾਲ
46 V-1
ਕਟੜਾ ਦਲ ਸਿੰਘ
ਅੰਮ੍ਰਿਤਸਰ

# ਕੀਰਤਨ

## ਪ੍ਰਭੂ ਪ੍ਰਾਪਤੀ ਦਾ ਸਾਧਨ ਅਤੇ ਮਰਯਾਦਾ

—ਗੁਰਸ਼ਰਨ ਜੀਤ ਸਿੰਘ

ਸੰਗੀਤ ਉਹ ਆਕ੍ਰਸ਼ਿਕ ਕੋਮਲ ਕਲਾ ਹੈ, ਜਿਸ ਰਾਹੀਂ ਸੰਗੀਤਕਾਰ ਆਪਣੇ ਹਿਰਦੇ ਦੇ ਸੂਖਮ ਭਾਵਾਂ ਨੂੰ ਸੁਰ ਅਤੇ ਲੈਅ ਦੇ ਮਾਧਿਅਮ ਰਾਹੀਂ ਪ੍ਰਸਤੁਤ ਕਰਦਾ ਹੈ। ਸੰਗੀਤ ਪ੍ਰਾਚੀਨ ਕਾਲ ਤੋਂ ਹੀ ਰਹੱਸਮਈ ਅਨੁਭਵ ਨੂੰ ਪ੍ਰਗਟ ਕਰਨ ਦਾ ਸ਼ਕਤੀਸ਼ਾਲੀ ਸਾਧਨ ਰਿਹਾ ਹੈ। ਇਸ ਕਲਾ ਦਾ ਪ੍ਰਭਾਵ ਮਨੁੱਖ ਉਪਰ ਤਾਂ ਪੈਂਦਾ ਹੀ ਹੈ ਪਰ ਕੋਈ ਵੀ ਜੜ੍ਹ ਜਾਂ ਚੇਤਨ ਵਸਤੂ ਇਸ ਦੇ ਪ੍ਰਭਾਵ ਨੂੰ ਕਬੂਲਣ ਤੋਂ ਬਿਨਾਂ ਨਹੀਂ ਰਹਿ ਸਕਦੀ। ਅੱਜ ਕਲ੍ਹ ਮਾਨਸਿਕ ਰੋਗਾਂ ਨੂੰ ਸੰਗੀਤ ਰਾਹੀਂ ਦੂਰ ਕਰਨ ਦਾ ਇਲਾਜ ਮਕਬੂਲ ਹੋਣ ਲੱਗਾ ਹੈ, ਜਿਸ ਤੋਂ ਇਸ ਦੀ ਸ਼ਕਤੀ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਸੇ ਕਰਕੇ ਇਹ ਆਤਮਿਕ ਆਨੰਦ ਦਿਵਾਉਣ ਵਾਲਾ ਸੋਮਾ ਹੈ। ਇਸੇ ਕਰਕੇ ਗੁਰਬਾਣੀ ਅੰਦਰ ਭਗਤੀ-ਰਸ ਨਾਲ ਭਰਪੂਰ ਸੰਗੀਤ (ਕੀਰਤਨ) ਨੂੰ 'ਨਿਰਮੋਲਕ ਹੀਰਾ' ਅਤੇ ਪ੍ਰਭੂ ਪ੍ਰਾਪਤੀ ਲਈ 'ਕਲਜੁਗ ਮਹਿ ਕੀਰਤਨ ਪਰਧਾਨਾ' ਕਿਹਾ ਹੈ। ਗੁਰੂ ਨਾਨਕ ਦੇਵ ਜੀ ਜਦ ਜਗਤ ਨੂੰ ਸਚੁ ਦਾ ਉਪਦੇਸ਼ ਦੇਣ ਲਈ ਸੰਸਾਰ ਰਟਨ ਤੇ ਨਿਕਲੇ ਤਾਂ ਆਪ ਨੇ ਨਾ ਧੰਨ ਦੀ, ਨਾ ਕਿਸੇ ਸਵਾਰੀ ਦੀ ਅਤੇ ਨਾ ਹੀ ਕਿਸੇ ਹੋਰ ਪਦਾਰਥ ਨੂੰ ਨਾਲ ਲਿਜਾਣ ਦੀ ਲੋੜ ਸਮਝੀ ਪਰ ਆਪ ਭਾਈ ਮਰਦਾਨਾ (ਜੋ ਕਿ ਰਬਾਬ ਵਜਾਉਣ ਵਿਚ ਕਮਾਲ ਰਖਦਾ ਸ) ਅਤੇ ਰਬਾਬ ਨੂੰ ਜਰੂਰ ਨਾਲ ਲੈ ਗਏ। ਇਨ੍ਹਾਂ ਬਿਨ੍ਹਾਂ ਉਨ੍ਹਾਂ ਦੇ ਉਪਦੇਸ਼ ਵਿਚ ਸ਼ਾਇਦ ਉਹ ਪ੍ਰਭਾਵ ਨਾ ਪੈਂਦਾ ਜਿਸ ਕਰਕੇ ਸੱਜਣ ਵਰਗੇ ਠੱਗ ਸਿੱਖ ਧਰਮ ਦੇ ਮਹਾਨ ਉਪਦੇਸ਼ਕ ਹੋ ਨਿਬੜੇ। ਗੁਰੂ ਨਾਨਕ ਦੇਵ ਜੀ ਨੇ ਆਪਣਾ ਉਪਦੇਸ਼ (ਸ਼ਬਦ) ਸੰਗੀਤ ਵਿਚ ਢਾਲ ਦਿੱਤਾ ਜਿਵੇਂ ਵੈਦ ਕੌੜੀ ਦਵਾਈ ਨੂੰ ਚੀਨੀ ਦਾ ਲੇਪ ਕਰਕੇ ਦਿੰਦਾ ਹੈ ਅਤੇ ਮਰੀਜ਼ ਉਸ ਨੂੰ ਸੁਭਾਵਿਕ ਹੀ ਨਿਗਲ ਲੈਂਦਾ ਹੈ। ਇਸ ਕਰਕੇ ਮਰਦਾਨੇ ਦੇ ਦੇਹਾਂਤ ਹੋਣ ਤੱਕ ਆਪ ਜੀ ਨੇ ਮਰਦਾਨੇ ਨੂੰ ਸਦਾ ਕੋਲ ਰਖਿਆ। ਗੁਰੂ ਨਾਨਕ ਸਾਹਿਬ ਜਿਸ ਸਮਾਜ ਦੀ ਸਥਾਪਨਾ ਕਰਨਾ ਚਾਹੁੰਦੇ ਸਨ ਉਸ ਦਾ ਕਥਨ ਭਾਈ ਗੁਰਦਾਸ ਜੀ ਇਉਂ ਕਰਦੇ ਹਨ :—

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ ॥(੧ : ੨੭)

ਹਿੰਦੁਸਤਾਨ ਵਿਚ ਕਾਫੀ ਸਮੇਂ ਤੋਂ 'ਨੌਧਾ ਭਗਤੀ'[1] ਪ੍ਰਚਲਿਤ ਰਹੀ ਹੈ ਜਿਸ ਵਿੱਚੋਂ ਗੁਰਮਤਿ ਨੇ ਬਾਕੀ ਅੱਠ ਸਾਧਨਾਂ ਤੋਂ ਕੀਤਰਨ ਨੂੰ ਸਰਵੋਤਮ ਮੰਨਿਆ ਹੈ।

'ਕੀਰਤਨ' ਸ਼ਬਦ ਦਾ ਮੂਲ ਧਾਤੂ ਸੰਸਕ੍ਰਿਤ ਦਾ ਸ਼ਬਦ 'ਕੀਰਤੀ' ਹੈ ਜਿਸ ਦਾ ਅਰਥ ਹੈ 'ਜਸ' ਭਾ. ਕਾਨ੍ਹ ਸਿੰਘ ਜੀ ਅਨੁਸਾਰ ਗੁਰਮਤਿ ਵਿਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਂ ਕੀਰਤਨ ਹੈ।[2] ਕਈ ਵਿਦਵਾਨ 'ਕੀਰਤਨ' ਸ਼ਬਦ ਦੀ ਥਾਂ 'ਗੁਰਮਤਿ ਸੰਗੀਤ' ਸ਼ਬਦ ਵੀ ਵਰਤਦੇ ਹਨ, ਭਾਵੇਂ ਕਿ ਇਨ੍ਹਾਂ ਸ਼ਬਦਾਂ ਨੂੰ ਵਰਤੋਣ ਵਿਚ

ਕੋਈ ਆਪਿਤੀ ਨਹੀਂ ਪਰ ਗੁਰਮਤਿ ਵਿਚ ਪ੍ਰਵਾਣਿਤ ਸ਼ਬਦ ਕੀਰਤਨ ਹੀ ਹੈ। ਇਸ ਕੀਰਤਨ ਸੰਗੀਤ ਵਿਚ ਗਾਈ ਜਾਣ ਵਾਲੀ ਸਮੱਗਰੀ ਪ੍ਰਭੂ ਦੇ ਨਾਮ ਨਾਲ ਰੰਗੀ ਹੁੰਦੀ ਹੈ, ਗੁਰਵਾਕ ਹੈ :—

ਲੋਕ ਜਾਣੇ ਇਹ ਗੀਤ ਹੈ ਇਹ ਤਉ ਬ੍ਰਹਮ ਵਿਚਾਰ ॥ (ਪੰ. ੩੩੫)

ਇਹੀ ਕਾਰਣ ਸੀ ਕਿ ਮੁਸਲਮਾਨਾਂ ਨੇ ਰਾਗ ਨੂੰ ਹਰਾਮ ਕਹਿ ਦਿੱਤਾ ਸੀ ਹਾਲਾਂਕਿ ਚੋਟੀ ਦੇ ਸੰਗੀਤਕਾਰ ਮੁਸਲਮਾਨ ਹੀ ਹੋਏ ਹਨ। ਸੰਗੀਤ ਦੀ ਵਰਤੋਂ ਬਾਦਸ਼ਾਹਾਂ ਦੀ ਖੁਸ਼ਾਮਦ ਅਤੇ ਲੋਕਾਂ ਦੀਆਂ ਕਾਮੁਕ ਰੁਚੀਆਂ ਨੂੰ ਤ੍ਰਿਪਤ ਕਰਨ ਲਈ ਹੋਣ ਲਗ ਪਈ ਸੀ ਜਿਵੇਂ :—

(ੳ) ਤਾਨਸੇਨ ਵਰਗਾ ਮਹਾਨ ਸੰਗੀਤਕਾਰ ਇਉਂ ਰਚਨਾ ਕਰਦਾ ਹੈ :—

ਕਹੇ ਮੀਯਾ ਤਾਨਸੇਨ ਸੁਨੋ ਸ਼ਾਹ ਅਕਬਰ, ਕਹਾ ਸੋ ਇਨ ਬਿਨ ਅੰਜਨ ਕਜਰਾਰੇ ॥

(ਅ) ਸੁਆਮੀ ਹਰਿਦਾਸ ਦੀ ਵੀ ਰਚਨਾ ਪੇਸ਼ ਹੈ, ਜਿਸ ਤੋਂ ਸੰਗੀਤ ਦਾ ਵਿਦਿਆਰਥੀ ਵਾਕਿਫ ਹੈ :—

ਆਜ ਰਾਧੇ ਤੋਰੇ ਬਦਨ ਪਰ, ਸ਼ਿਯਾਮ ਮਿਲ ਕੀ ਚੋਰੀ ॥
ਅੰਜਨ ਅਧਰ ਨੈਨ ਮਤਵਾਰੇ ਝੂਕਝੂਮਤ ਮੇਰੀ ਜਾਨ ਤੂੰ ਬਉਰੀ।

(ੲ) ਪ੍ਰਸਿੱਧ ਸੰਗੀਤ ਆਚਾਰਯ ਮੁਹੰਮਦ ਸ਼ਾਹ ਰੰਗੀਲਾ, ਸੰਗੀਤ ਦੇ ਕੱਟੜ ਵਿਰੋਧੀ ਦੀ ਪ੍ਰਸੰਸਾ (ਖੁਸ਼ਾਮਦ) ਇਉਂ ਕਰਦਾ ਹੈ :—

ਕੀਨੋ ਰੇ ਕਰਤਾਰ ਮਹਾਂਬਲੀ ਔਰੰਗਜੇਬ, ਭਯੋ ਤੋ ਪੇ ਪੂਰੋ ਪ੍ਰਤਾਪ ॥
ਅਪਬਲੀ ਤਪਬਲੀ ਨੌਖੰਡ ਮਹਾਂਬਲੀ, 'ਸਦਾਰੰਗ' ਛਾਡੋ ਪ੍ਰਤਾਪ ॥

ਸਪਸ਼ਟ ਹੈ ਕਿ ਭ੍ਰਿਸ਼ਟ ਅਤੇ ਆਚਰਨਹੀਨ ਸੰਗੀਤਕਾਰਾਂ ਦੇ ਨਰਕੀ ਜੀਵਨ ਕਰਕੇ ਸੰਗੀਤ ਨਿੰਦਣਯੋਗ ਵਸਤੂ ਬਣ ਗਿਆ ਪਰ ਸਿੱਖ ਗੁਰੂ ਸਾਹਿਬਾਨ ਨੇ ਇਸ ਸ਼ਕਤੀਸ਼ਾਲੀ ਕਲਾ ਦੀ ਸਮਰੱਥਾ ਨੂੰ ਜਾਣ ਲਿਆ ਸੀ ਕਿ ਇਸ ਰਾਹੀਂ ਮਨੁੱਖ ਪ੍ਰਭੂ ਦੀ ਪ੍ਰਾਪਤੀ ਸੌਖਿਆਂ ਹੀ ਕਰ ਸਕਦਾ ਹੈ। ਇਸੇ ਲਈ ਗੁਰੂ ਸਾਹਿਬਾਨ ਨੇ ਗੁਰਬਾਣੀ ਗਾਇਨ ਦੀ ਥਾਂ-ਥਾਂ ਤਾਕੀਦ ਕੀਤੀ ਹੈ :—

(ੳ) ਆਵਹੁ ਸਿਖ ਸਤਿਗੁਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ ॥
(ਪੰ: ੯੨੦)

(ਅ) ਗੁਰਬਾਣੀ ਗਾਵਹੁ ਭਾਈ ਓਹ ਸਫਲ ਸਦਾ ਸੁਖਦਾਈ ॥
(ਪੰ: ੬੨੮)

ਇਤਿਹਾਸਕ ਤੌਰ ਤੇ ਦੇਖੀਏ ਤਾਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ ਕੀਰਤਨ ਕਰਨ ਲਈ ਭਾਈ ਮਰਦਾਨੇ ਦੀ ਕੁਲ ਨੂੰ ਤਰਜੀਹ ਦਿੱਤੀ ਜਾਂਦੀ ਸੀ ਪਰ ਗੁਰੂ ਅਰਜਨ ਦੇਵ ਜੀ ਨੇ ਇਸ ਮਹਾਨ ਦਾਤ ਨੂੰ ਕਿਸੇ ਘਰਾਣੇ ਦੀ ਜੱਦੀ ਮਲਕੀਅਤ ਨਾ ਰਹਿਣ ਦਿਤਾ

ਸਗੋਂ ਹਰੇਕ ਗੁਰਸਿੱਖ ਨੂੰ ਕੀਰਤਨ ਸਿੱਖਣ ਅਤੇ ਸੰਗਤ ਵਿਚ ਕੀਰਤਨ ਕਰਨ ਦੀ ਪ੍ਰੇਰਨਾ ਦਿੱਤੀ। ਗੁਰੂ ਅਰਜਨ ਦੇਵ ਜੀ ਨੇ ਇਕੇਰਾਂ ਕੀਰਤਨ ਦੀ ਮਹੱਤਤਾ ਇਉਂ ਦ੍ਰਿੜ ਕਰਵਾਈ ਸੀ ਕਿ ਗੁਰਬਾਣੀ ਦਾ ਪਾਠ ਇਉਂ ਹੈ ਜਿਵੇਂ ਖੂਹ ਦਾ ਪਾਣੀ, ਜਿਸ ਨਾਲ ਦੂਰ ਦੀਆਂ ਅਤੇ ਉੱਚੀਆਂ ਪੈਲੀਆਂ ਨਹੀਂ ਸਿੰਜੀਆਂ ਜਾ ਸਕਦੀਆਂ ਪਰ ਕੀਰਤਨ ਇਉਂ ਹੈ ਜਿਵੇਂ ਵਰਖਾ ਹੋਣ ਨਾਲ ਸਭ ਉੱਚੀਆਂ-ਨੀਵੀਆਂ ਅਤੇ ਦੂਰ-ਨੇੜੇ ਦੀਆਂ ਪੈਲੀਆਂ ਪਾਣੀ ਨਾਲ ਭਰ ਜਾਂਦੀਆਂ ਹਨ।

ਕੀਰਤਨ ਸਮੇਂ ਜਗਿਆਸੂ ਇਕ ਮਨ-ਇਕ ਚਿੱਤ ਹੋ ਕੇ (ਸੁਰ-ਤਾਲ ਨੂੰ ਧਿਆਨ 'ਚ ਰਖਕੇ) ਸੁਰਤ ਸ਼ਬਦ ਨਾਲ ਜੋੜਦਾ ਹੈ, ਇਸ ਇਕਾਗਰਤਾ ਕਰਕੇ ਵੈਰਾਗ ਅਤੇ ਆਨੰਦ ਦਾ ਅਦੁੱਤੀ ਅਨੁਭਵ ਹੁੰਦਾ ਹੈ ਮਾਨੋ ਜਗਿਆਸੂ ਬੈਕੁੰਠ ਵਿਚ ਵਿਚਰ ਰਿਹਾ ਹੋਵੇ। ਇਸੇ ਕਰਕੇ ਗੁਰਵਾਕ ਹੈ :—

ਤਹਾ ਬੈਕੁੰਠ ਜਹ ਕੀਰਤਨ ਤੇਰਾ
ਤੂੰ ਆਪੇ ਸਰਧਾ ਲਾਇਹਿ ॥

## ਕੀਰਤਨ ਮਰਿਆਦਾ :—

ਜਿਵੇਂ ਕਿ ਪਹਿਲਾਂ ਸਪੱਸ਼ਟ ਹੋ ਚੁੱਕਾ ਹੈ ਕਿ ਗੁਰੂ ਘਰ ਵਿਚ ਕੀਰਤਨ ਦੀ ਬਹੁਤ ਮਹੱਤਤਾ ਹੈ। ਸੋ ਜ਼ਰੂਰੀ ਹੈ ਕਿ ਕੀਰਤਨ ਮਰਿਆਦਾ ਸੰਬੰਧੀ ਵੀ ਕੁਝ ਵਿਚਾਰ ਕੀਤੀ ਜਾਵੇ :—"ਗੁਰੂ ਗ੍ਰੰਥ ਸਾਹਿਬ ਜੀ ਦੀ ਅਤੇ ਸੰਗਤ ਦੀ ਹਜ਼ੂਰੀ ਵਿਚ ਕੀਰਤਨਕਾਰ ਜਦੋਂ ਤੰਤੀਸਾਜ਼ਾਂ ਨਾਲ ਨਿਰਧਾਰਿਤ ਰਾਗਾਂ ਵਿਚ ਗੁਰਬਾਣੀ ਦਾ ਸੁਰ-ਤਾਲ ਬੱਧ ਰਸ ਭਿੰਨਾ ਆਖੰਡ ਗਾਇਣ ਕਰਦੇ ਹਨ ਜਿਸ ਵਿਚ 'ਰਹਾਉ' ਅਤੇ ਪਦਿਆਂ ਦੇ 'ਅੰਕਾਂ' ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ ਹੋਵੇ ਅਤੇ ਜੋ ਪ੍ਰਾਣੀ ਦੇ ਚਿਤ ਨੂੰ ਨਾਮ-ਸਿਮਰਨ ਦੁਆਰਾ ਸਹਿਜ ਅਵਸਥਾ ਰਾਹੀਂ ਅਕਾਲ ਪੁਰਖ ਨਾਲ ਜੋੜੇ ਉਸ ਨੂੰ ਗੁਰਬਾਣੀ ਸੰਗੀਤ ਦੀ ਸੰਗਿਆ ਦਿਤੀ ਜਾ ਸਕਦੀ ਹੈ।" ਇਸ[4] ਕਥਨ ਵਿਚ 'ਹਜ਼ੂਰੀ' ਨਿਰਧਾਰਿਤ ਰਾਗ, 'ਅਖੰਡ' ਰਹਾਉ' 'ਅੰਕ' 'ਸਹਿਜ ਅਵਸਥਾ' ਸ਼ਬਦ ਵਿਚਾਰਨ ਯੋਗ ਹਨ।

ਤੰਤੀ ਸਾਜ਼ਾਂ ਨਾਲ ਕੀਰਤਨ ਕਰਨਾ ਗੁਰੂ-ਘਰ 'ਚ ਗੁਰੂ ਕਾਲ ਤੋਂ ਪ੍ਰਚਲਿਤ ਹੈ ਅਤੇ ਉਚਿੱਤ ਵੀ। ਪਰ ਅੱਜ ਕੱਲ੍ਹ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਵਾਲੇ ਗੁਰਮੁਖਾਂ ਦੇ ਵਿਰਲੇ ਹੀ ਦਰਸ਼ਨ ਹੁੰਦੇ ਹਨ, ਪਰ ਹਰਮੋਨੀਅਮ ਵਰਗੇ ਸਹਿਲ ਸਾਜ਼ ਨਾਲ ਕੀਰਤਨ ਕਰਨਾ ਵੀ ਕਿਸੇ ਤਰ੍ਹਾਂ ਅਯੋਗ ਨਹੀਂ, ਪਰ ਕੀਰਤਨ ਗਾਇਣ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਅਤਿ ਜ਼ਰੂਰੀ ਹੈ, ਇਸ ਨਾਲ ਸਰੋਤੇ ਅਤੇ ਗਾਇਕ ਦੋਹਾਂ 'ਚ ਇਕਾਗਰਤਾ ਬਣੀ ਰਹਿਣ 'ਚ ਬਹੁਤ ਮਦਦ ਮਿਲਦੀ ਹੈ।

ਸ਼ਬਦ ਦਾ ਨਿਰਧਾਰਿਤ ਰਾਗ 'ਚ ਗਾਇਣ ਹੋਣਾ ਬਹੁਤ ਜ਼ਰੂਰੀ ਹੈ। ਜਿਵੇਂ ਅਜ ਕਲ੍ਹ ਫਿਲਮੀ ਤਰਜ਼ਾਂ ਅਤੇ ਸੁਗਮ ਸੰਗੀਤ (Light Music) ਦੀਆਂ ਧੁਨੀਆਂ ਵਿਚ ਕੀਰਤਨ ਗਾਇਣ ਦਾ ਰੁਝਾਨ ਵੱਧਦਾ ਜਾ ਰਿਹਾ ਹੈ, ਇਹ ਗੁਰਬਾਣੀ ਦੇ ਦਰੁੱਸਤ ਅਤੇ

ਪੂਰੇ ਪ੍ਰਭਾਵ ਨੂੰ ਸੰਗਤਾਂ ਵਿਚ ਪਹੁੰਚਾਣ ਦੇ ਅਸਮਰਥ ਹੈ। ਹੁਣ ਤਾਂ ਅਜਿਹਾ ਰੁਝਾਨ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ 'ਚ ਵੀ ਵੇਖਿਆ ਜਾਣ ਲੱਗਾ ਹੈ, ਜਿਥੇ ਕੀਰਤਨ ਨਿਰਧਾਰਿਤ ਰਾਗ 'ਚ ਹੋਣਾ ਬਹੁਤ ਜ਼ਰੂਰੀ ਸਮਝਿਆ ਜਾਂਦਾ ਸੀ। ਗੁਰੂ ਗ੍ਰੰਥ ਸਾਹਿਬ ਜੀ ਅੰਦਰ ਅੰਕਿਤ ਹਰ ਸ਼ਬਦ ਨਾਲ ਉਸ ਨੂੰ ਗਾਉਣ ਲਈ ਰਾਗ ਦਾ ਸੰਕੇਤ ਹੈ ਤਾਂ ਇਸ ਦੀ ਪਾਲਣਾ ਹੁਕਮ ਸਮਝਕੇ ਹੋਣੀ ਚਾਹੀਦੀ ਹੈ।

ਕੀਰਤਨ ਗਾਇਣ ਵਿਚ ਕਿਸ ਤੁੱਕ ਨੂੰ ਸਥਾਈ ਮੰਨਿਆ ਜਾਵੇ, ਵਿਦਵਾਨਾਂ ਵਿਚ ਮਤਭੇਦ ਹਨ। ਹਲਾਂਕਿ ਬਹੁਗਿਣਤੀ 'ਰਹਾਉ' ਦੀ ਪੰਕਤੀ ਨੂੰ ਸਥਾਈ ਮੰਨਣ ਦੇ ਹੱਕ ਵਿਚ ਹਨ। ਪਰ ਭਾ: ਗੁਰਚਰਨ ਸਿੰਘ, ਭਾ: ਅਵਤਾਰ ਸਿੰਘ ਜੀ ਰਚਿਤ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ', ਜਿਸ ਨੂੰ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਕਾਇਮ ਕੀਤੀ ਗਈ ਇਕ ਉੱਚ ਪੱਧਰੀ ਵਿਦਵਾਨਾਂ ਦੀ ਕਮੇਟੀ ਨੇ ਪ੍ਰਾਚੀਨ ਰੀਤਾਂ ਅਨੁਸਾਰ ਕਬੂਲਿਆਂ ਹੈ, ਵਿਚ ਕਈ ਥਾਵਾਂ ਤੇ ਰਹਾਉ ਦੀ ਪੰਕਤੀ ਨੂੰ ਸਥਾਈ ਲੈਣ ਦੀ ਬਜਾਏ ਪਹਿਲੀ ਪੰਕਤੀ ਜਾਂ ਕਿਸੇ ਹੋਰ ਪੰਕਤੀ ਨੂੰ ਸਥਾਈ ਰੱਖ ਲਿਆ ਹੈ। ਫਿਰ ਬਹੁਤ ਸਾਰੀ ਰਚਨਾ ਜੋ ਕੀਰ-ਤਨ ਗਾਇਣ ਸਮੇਂ ਵਰਤੀ ਜਾਦੀ ਹੈ ਉਸ ਵਿਚ 'ਰਹਾਉ' ਦੀ ਪੰਕਤੀ ਹੁੰਦੀ ਹੀ ਨਹੀਂ[6] ਅਤੇ ਕੁਝ ਸ਼ਬਦਾਂ ਚ 'ਰਹਾਉ' ਇਕ ਦੀ ਥਾਂ ਬਹੁਤੇ[7] ਵੀ ਹੁੰਦੇ ਹਨ ਤਾਂ ਕਿਸ ਪੰਕਤੀ ਨੂੰ ਸਥਾਈ ਰੱਖਿਆ ਜਾਵੇ? ਪ੍ਰੋ ਤਾਰਾ ਸਿੰਘ ਜੀ ਨੇ ਹਰ ਰਹਾਉ ਨੂੰ ਵੱਖਰੀ ਸਥਾਈ ਰੱਖਿਆ ਹੈ ਭਾਵ ਕਿ ਇਕ ਸ਼ਬਦ ਵਿਚ ਇਕ ਤੋਂ ਵਧੇਰੇ ਸਥਾਈਆਂ ਦਾ ਹੋਣਾ, ਕਿਉਂ ਜੁ ਹਰ ਨਵੀਂ ਸਥਾਈ ਨਾਲ ਸ਼ਬਦ ਦਾ ਭਾਵ ਬਦਲ ਜਾਂਦਾ ਹੈ, ਅਜਿਹੇ ਸ਼ਬਦਾਂ ਵਿਚ ਇਕ ਹੀ ਸਥਾਈ ਰੱਖਣਾ, ਗੁਰਬਾਣੀ ਤੋਂ ਅਗਿਆਨਤਾ ਦਾ ਮੁਜ਼ਾਹਰਾ ਕਰਨਾ ਹੁੰਦਾ ਹੈ। ਸ਼ਬਦ ਵਿਚ ਦਿੱਤੇ ਅੰਕ ਅੰਤਰਿਆਂ ਦੀ ਗਿਣਤੀ ਨਿਸਚਿਤ ਕਰਦੇ ਹਨ।

ਕੀਰਤਨ ਦੌਰਾਨ ਗੁਰੂ ਗ੍ਰੰਥ ਸਾਹਿਬ ਵਿਚੋਂ, ਦਸਮ ਗ੍ਰੰਥ ਵਿਚੋਂ, ਭਾਈ ਗੁਰਦਾਸ ਜੀ ਦੀ ਰਚਨਾ ਵਿਚੋਂ ਗਾਏ ਜਾ ਰਹੇ ਸ਼ਬਦ ਨਾਲ ਢੁਕਵੇਂ ਪ੍ਰਮਾਣ ਦੇਣ ਦਾ ਰੁਝਾਨ ਆਮ ਹੀ ਨਹੀਂ ਸਗੋਂ ਜ਼ਰੂਰੀ ਸਮਝਿਆ ਜਾ ਰਿਹਾ ਹੈ, ਕਿਉਂਕਿ ਇਸ ਨਾਲ ਸਰੋਤੇ ਨੂੰ ਗਾਏ ਜਾ ਰਹੇ ਸ਼ਬਦ ਦੀ ਪੂਰੀ ਸੋਝੀ ਹੋ ਜਾਂਦੀ ਹੈ, ਪਰ ਕੀ ਪ੍ਰਮਾਣ ਦੇਣੇ ਉਚਿੱਤ ਹਨ? ਸੰਤ ਗੁਰਮੁਖ ਸਿੰਘ ਜੀ ਪਟਿਆਲੇ ਵਾਲੇ ਕਿਹਾ ਕਰਦੇ ਸਨ ਕਿ ਪ੍ਰਮਾਣ ਉਥੇ ਲੋੜੀਂਦਾ ਹੈ ਜਿਥੇ ਕੋਈ ਸ਼ਕ ਹੋਵੇ। ਇਕ ਗੱਲ ਯਕੀਨੀ ਹੈ ਕਿ ਵਿਆਖਿਆ ਸਹਿਤ ਕੀਰਤਨ ਗਾਇਣ ਕਰਨਾ 19ਵੀਂ ਸਦੀ (ਘੱਟ ਘੱਟ) ਤੱਕ ਬਿਲਕੁਲ ਮਕਬੂਲ ਨਹੀਂ ਸੀ, ਬਸ ਸ਼ਬਦਾਂ ਦਾ ਨਿਰਧਾ-ਰਿਤ ਰਾਗ ਵਿਚ 'ਅਖੰਡ' ਗਾਇਣ ਹੁੰਦਾ ਸੀ।

ਸ਼ਬਦ ਗਾਇਣ ਸਮੇਂ ਸਿਰ ਹਿਲਾਉਣਾ ਜਾਂ ਹੱਥ ਨਾਲ actions ਕਰਨੇ ਅਯੋਗ ਹਨ। ਨਾਮਧਾਰੀਆਂ ਵਿਚ ਇਹ ਰੁਝਾਨ ਸੀ ਕਿ ਉਹ ਵਜੂਦ ਵਿਚ ਕੂਕਾਂ ਮਾਰਦੇ ਸਨ, ਜਿਸ ਕਰਕੇ ਇਨ੍ਹਾਂ ਦਾ ਨਾਂ ਕੂਕੇ ਪੈ ਗਿਆ। ਗੁਰਬਾਣੀ ਗਾਇਣ ਸਮੇਂ ਕੀਰਤਨੀਆ ਅਡੋਲ ਅਵਸਥਾ ਵਿਚ ਸੁਭਾਵਿਕ ਗਾਇਨ ਕਰਦਾ ਹੈ। ਸੰਗਤ ਵੱਲੋਂ ਵੀ ਉਸ ਦੀ ਗਾਇਣ ਕਲਾ ਲਈ ਦਾਦ ਤਾੜੀਆਂ ਆਦਿ ਮਾਰਕੇ ਨਹੀਂ ਦਿੱਤੀ ਜਾਂਦੀ, ਅਜਿਹਾ ਕਰਮ ਵਿਵਰਜਿਤ

ਹੈ। ਪਰ ਗੁਰਬਾਣੀ ਦਾ ਰਸ ਮਾਣਦਿਆਂ 'ਵਾਹ ਜਾਂ ਵਾਹਿਗੁਰੂ' ਸ਼ਬਦ ਮੂੰਹੋਂ ਨਿਕਲ ਜਾਣਾ ਸੁਭਾਵਿਕ ਹੈ।

ਗੁਰੂ ਘਰ ਵਿਚ ਕੀਰਤਨ ਦੀਆਂ ਚਾਰ ਚੌਕੀਆਂ[8] ਪੁਰਾਤਨ ਸਮੇਂ ਤੋਂ ਹੀ ਪ੍ਰਚਲਿਤ ਹਨ। ਭਾਵੇਂ ਕਿ ਹੁਣ ਚਾਰ ਚੌਕੀਆਂ ਅਨੁਸਾਰ ਕੀਰਤਨ ਕੇਵਲ ਕੁਝ ਕੁ ਇਤਿਹਾਸਕ ਗੁਰਦਵਾਰਿਆ ਤੱਕ ਹੀ ਸੀਮਤ ਹੋ ਚੁੱਕਾ ਹੈ।

ਕਈ ਵੇਰਾਂ ਕੁਝ ਕੀਰਤਨੀਏ ਗਾਇਣ ਸਮੇਂ 'ਜੀ' ਵਾਹ ਵਾਹ,' 'ਮੈਂ ਵਾਰੀ' ਆਦਿ ਕੁਝ ਵਾਧੂ ਸ਼ਬਦ ਜੋੜਦੇ ਦੇਖੇ ਗਏ ਹਨ, ਇਹ ਘੋਰ ਮਨਮਤਿ ਦਾ ਮੁਜ਼ਾਹਰਾ ਹੈ। ਇਸ ਸੰਬੰਧ ਵਿਚ ਸਾਨੂੰ ਰਾਮਰਾਇ ਵਾਲੀ ਇਤਿਹਾਸਕ ਘਟਨਾ ਭੁੱਲਣੀ ਨਹੀਂ ਚਾਹੀਦੀ। ਕਿਸੇ ਨੂੰ ਵੀ ਗੁਰਬਾਣੀ ਵਿਚ ਕੋਈ ਵਾਧਾ ਘਾਟਾ ਕਰਨ ਦਾ ਕੋਈ ਅਧਿਕਾਰ ਨਹੀਂ ਮਿਲ ਸਕਦਾ। ਇਸੇ ਤਰ੍ਹਾਂ ਗੁਰਬਾਣੀ ਗਾਇਣ ਸਮੇਂ ਗਾਇਣ ਨੂੰ ਸੁੰਦਰ ਬਣਾਉਣ ਲਈ ਆਲਾਪ ਅਤੇ ਤਾਨਾਂ ਹੋਣ ਚੰਗਾ ਹੈ ਪਰ ਲੋੜ ਤੋਂ ਵੱਧ ਜਾਂ ਕੀਰਤਨ ਸਮੇਂ ਇਹੀ ਕੋਸ਼ਿਸ਼ ਕਰਨੀ ਕਿ ਮੈਨੂੰ ਸੰਗੀਤ ਦਾ ਬਹੁਤ ਗਿਆਨ ਹੈ ਭਾਵ ਵਧੇਰੇ ਤਾਨਾਂ ਆਦਿ ਦੀ ਵਰਤੋਂ ਸਰੋਤੇ ਦੀ ਬਿਰਤੀ ਗੁਰਬਾਣੀ ਤੋਂ ਤੋੜਨ ਦਾ ਕਾਰਨ ਬਣਦੀ ਹੈ। ਇਥੇ ਇਹ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਕੀਰਤਨ ਮਨੋਰੰਜਨ ਦਾ ਸਾਧਨ ਨਾ ਹੋ ਕੇ ਪ੍ਰਭੂ ਪ੍ਰਾਪਤੀ ਦਾ ਸਾਧਨ ਹੈ। ਕੀਰਤਨ ਸੰਗੀਤ ਸ਼ਬਦ ਪ੍ਰਧਾਨ ਹੈ, ਕੀਰਤਨ ਸਮੇਂ ਸਾਜ਼ਾਂ ਦੀ ਬਹੁਤਾਤ (ਖਾਸ ਕਰਕੇ ਵਿਦੇਸ਼ੀ) ਸਾਜ਼ ਬਿਰਤੀ ਖਿੰਡਾਉਂਦੇ ਹਨ।

ਜੋ ਗੱਲ ਸਭ ਤੋਂ ਵੱਧ ਜ਼ਰੂਰੀ ਹੈ, ਉੱਚੇ ਅਤੇ ਸੁੱਚੇ ਜੀਵਨ ਵਾਲੇ ਕੀਰਤਨੀ ਸਿੰਘ ਹੋਣ। ਕੀਰਤਨੀ ਸਿੰਘ ਦਾ ਪਹਿਰਾਵਾ ਸਾਦਾ ਅਤੇ ਸਾਫ-ਸੁਥਰਾ ਹੋਣਾ ਚਾਹੀਦਾ ਹੈ। ਕੀਰਤਨੀ ਸਿੰਘਾਂ ਦਾ ਜੀਵਨ ਦੂਜੀ ਸੰਗਤ ਲਈ ਆਦਰਸ਼ ਹੋਵੇ। ਗੁਰੂ ਜੀ ਨੇ ਕੀਰਤਨੀਏ ਦੀ ਵਡਿਆਈ ਇਸ ਤਰ੍ਹਾਂ ਕੀਤੀ ਹੈ :—

ਭਲੋ ਭਲੋ ਰੇ ਕੀਰਤਨੀਆ ॥

ਸੰਗਤ ਵਿਚ ਕੀਰਤਨ ਕੇਵਲ ਗੁਰਸਿੱਖ ਹੀ ਕਰ ਸਕਦਾ ਹੈ। ਕੀਰਤਨ ਸਮਾਗਮਾਂ ਵਿਚ ਘਟੀਆ ਅਤੇ ਲੱਚਰ ਗੀਤ ਗਾਉਣ ਵਾਲੇ ਸਸਤੇ ਗਾਇਕਾਂ ਤੋਂ ਕੀਰਤਨ ਨਹੀਂ ਕਰਵਾਉਣਾ ਚਾਹੀਦਾ।

ਸਿੱਖ ਵਿਦਵਾਨਾਂ ਨੂੰ ਗੁਰੂ ਸਾਹਿਬਾਨ ਵੱਲੋਂ ਬਖਸ਼ੇ ਸੰਗੀਤ ਵਿਰਸੇ[9] ਨੂੰ ਸੰਭਾਲਣ ਲਈ ਜ਼ਰੂਰ ਗੰਭੀਰ ਹੋਣ ਦੀ ਲੋੜ ਹੈ। ਇਸ ਦੀ ਸ਼ੁੱਧਤਾ ਨੂੰ ਬਹਾਲ ਰੱਖਣ ਲਈ ਜ਼ਿੰਮੇ-ਵਾਰ ਸੰਸਥਾਵਾ ਨੂੰ ਜ਼ਰੂਰ ਉੱਦਮ ਕਰਨੇ ਚਾਹੀਦੇ ਹਨ। ਸਾਡੀ ਢਿੱਲ ਕਰਕੇ ਬਹੁਤ ਭੁਲੇਖੇ ਖੜ੍ਹੇ ਹੋ ਗਏ ਹਨ। ਪ੍ਰਸਤੁੱਤ ਲੇਖ ਇਸ ਢਿੱਲ ਵੱਲ ਹੀ ਆਪ ਜੀ ਦਾ ਧਿਆਨ ਦਿਵਾ ਰਿਹਾ ਹੈ। ਕੁਝ ਸੰਸਥਾਵਾਂ ਨੇ ਇਸ ਪ੍ਰਤੀ ਕੁਝ ਕਦਮ ਵੀ ਉਠਾਏ ਪਰ ਉਹ ਬਹੁਤਾ ਅਖ-ਬਾਰੀ ਹੀ ਸੀ। ਕਾਸ਼ ਕਿ ਕੋਈ ਐਸੀ ਸੰਸਥਾ ਹੋਵੇ ਜਿਥੋਂ ਸਹੀ ਕੀਰਤਨ ਸਿਖਲਾਈ ਮਿਲ ਸਕੇ। ਬੇਸ਼ਕ ਸਿੱਖ ਕੌਮ ਜਿਨ੍ਹਾਂ, ਸੰਸਥਾਵਾਂ (Instsution) ਕਰਕੇ ਜ਼ਿੰਦਾ ਹੈ,

ਉਹਨਾਂ ਵਿਚ ਇਕ 'ਕੀਰਤਨ' ਹੈ ਜੋ ਗੁਰਸਿੱਖਾਂ ਦੀ ਆਤਮਿਕ ਭੁੱਖ ਦਰ ਕਰਨ ਵਾਲਾ ਅਮੁੱਲ ਭੋਜਨ ਹੈ। ਤਾਂ ਕਿਵੇਂ ਕੋਈ ਪੰਥ ਦਰਦੀ ਅਤੇ ਸਿੱਖ ਵਿਦਵਾਨ ਇਸਦੀ ਸੰਭਾਲ ਤੋਂ ਲਾਪਰਵਾਹੀ ਵਿਖਾ ਸਕਦਾ ਹੈ ?

---

## ਫੁੱਟ ਨੋਟ ਤੇ ਹਵਾਲੇ

1. ਸ੍ਰਬਣ, ਕੀਰਤਨ, ਸਿਮਰਨ, ਪਦਸੇਵਨ, ਅਰਚਨ ਬੰਦਨ, ਸਖੀ ਭਾਵ, ਦਾਸ ਭਾਵ, ਆਤਮ-ਸਮਰਪਣ। (ਗੁਰੂ ਗ੍ਰੰਥ ਸੰਕੇਤ ਕੋਸ਼ –ਪਿਆਰਾ ਸਿੰਘ 'ਪਦਮ')।
2. ਮਹਾਨ ਕੋਸ਼ — ਭਾ: ਕਾਨ੍ਹ ਸਿੰਘ ਨਾਭਾ।
3. ਹਵਾਲੇ — ਗੁਰਬਾਣੀ ਸੰਗੀਤ ਦਾ ਤੁਲਨਾਤਮਿਕ ਅਧਿਐਨ-ਪ੍ਰੋ: ਤਾਰਾ ਸਿੰਘ (ਪੰਜਾਬੀ ਯੂਨੀਵਰਸਿਟੀ, ਪਟਿਆਲਾ)।
4. ਗੁਰਬਾਣੀ ਸੰਗੀਤ ਅਤੇ ਭਾਰਤੀ ਸੰਗੀਤ ਦਾ ਤੁਲਨਾਤਮਿਕ ਅਧਿਐਨ – ਪ੍ਰੋ: ਤਾਰਾ ਸਿੰਘ।
5. ਇਸ ਕਮੇਟੀ ਵਿਚ ਹੇਠ ਲਿਖੇ ਸੱਜਣ ਸਨ :—
   ਭਾਈ ਅਰਦਮਨ ਸਿੰਘ ਜੀ ਬਾਗੜੀਆਂ, ਪ੍ਰੋ: ਸੋਹਣ ਸਿੰਘ ਜੀ, ਡਾ. ਅਜੀਤ ਸਿੰਘ ਪੈਂਟਲ, ਭਾ: ਜੋਧ ਸਿੰਘ, ਡਾ. ਤਾਰਨ ਸਿੰਘ।
6. ਸਵੱਈਏ ਮਹੱਲੇ ਪੰਜਵੇਂ ਕੇ, ਦਸਮ ਗ੍ਰੰਥ ਆਦਿ।
7. ਦੇਖੋ-'ਅਛਲ ਛਲਾਈ ਨਹ ਛਲੈ' ਵਾਲਾ ਸ਼ਬਦ।
8. ਕੁਝ ਵਿਦਵਾਨ ਪੰਜ ਚੌਕੀਆਂ ਵੀ ਮੰਨਦੇ ਹਨ। ਇਹ ਚੌਕੀਆਂ ਇਸ ਤਰ੍ਹਾਂ ਹਨ :—
   ਆਸਾ ਦੀ, ਚਰਨ ਕੰਵਲ ਦੀ, ਸੋਦਰ ਦੀ, ਕਲਿਆਣ ਦੀ ਚੌਕੀ।
9. ਸਿੱਖ ਕੀਰਤਨ ਗਾਇਣ ਪੱਧਤੀ ਆਪਣੇ ਆਪ ਵਿਚ ਇਕ ਨਵੀਂ ਪੱਧਤੀ ਹੈ ਇਸ ਵਿਚ ਦੇਸੀ ਅਤੇ ਮਾਰਗੀ ਸੰਗੀਤ ਦਾ ਸੁਮੇਲ ਹੈ। ਇਸ ਤੋਂ ਇਲਾਵਾ ਇਸ ਪੱਧਤੀ ਦੀਆਂ ਕਈ ਵਿਸ਼ੇਸ਼ਤਾਵਾਂ ਹਨ ਜਿਵੇਂ ਇਸ 'ਚ ਰਾਗ-ਰਾਗਣੀ ਪੱਧਤੀ ਨੂੰ ਸਵੀਕਾਰ ਨਹੀਂ ਕੀਤਾ ਗਿਆ, ਇਸ ਪੱਧਤੀ ਵਿਚਲਾ ਰਾਗ ਆਸਾ ਸਵੇਰੇ ਪ੍ਰਾਤਾਂਕਾਲ ਅਤੇ ਸ਼ਾਮ ਨੂੰ ਵੀ ਗਾਇਆ ਜਾ ਸਕਦਾ ਹੈ, ਇਸ ਪੱਧਤੀ ਵਿਚ ਸ੍ਰੀ ਰਾਗ ਨੂੰ ਮੁੱਖ ਮੰਨਿਆਂ ਗਿਆ ਹੈ। ਗੁਰਮਤਿ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿਚ ਸੰਸਾਰ ਨੂੰ ਸਭ ਤੋਂ ਵੱਡੀ ਸੰਗੀਤਕ ਪੁਸਤਕ ਭੇਂਟ ਕੀਤੀ ਹੈ।

ਧੰਨਵਾਦ ਸਹਿਤ – ਸਾਡਾ ਵਿਰਸਾ ਸਾਡਾ ਗੌਰਵ ਵਿਚੋਂ

# ਗੁਰਬਾਣੀ ਸੰਗੀਤ ਸੰਕੇਤਾਂ ਅਤੇ ਸਿਰਲੇਖਾਂ ਦਾ ਗੁਰਮਤਿ ਸੰਗੀਤ ਵਿਚ ਮਹੱਤਵ

— ਡਾ. ਜਸਬੀਰ ਸਿੰਘ ਸਾਬਰ

(ਪਿਛਲੇ ਅੰਕ ਤੋਂ ਅੱਗੇ)

ਤੀਸਰਾ ਪ੍ਰਸਿੱਧ ਤੇ ਚਰਚਿਤ ਸੰਗੀਤ-ਸੰਕੇਤ 'ਘਰ' ਪ੍ਰਾਪਤ ਹੁੰਦਾ ਹੈ। ਗੁਰਬਾਣੀ ਵਿਚ ਇਕ ਤੋਂ ਸਤਾਰਾਂ 'ਘਰ' ਇਸ ਸੰਗੀਤ-ਸੰਕੇਤ ਦੇ ਅੰਤਰਗਤ ਆਉਂਦੇ ਹਨ। ਇਸ ਸੰਗੀਤ-ਸੰਕੇਤ ਦੀ ਪਰਿਭਾਸ਼ਾ ਹਾਲੇ ਤਕ ਵਿਵਾਦ ਗ੍ਰਸਤ ਚਲੀ ਆ ਰਹੀ ਹੈ। ਮਹੰਤ ਗਜਾ ਸਿੰਘ, ਭਾ. ਕਾਨ੍ਹ ਸਿੰਘ ਨੇ 'ਘਰ' ਨੂੰ ਤਾਲ ਅਤੇ ਸੁਰ ਦੋਵਾਂ ਅਰਥਾਂ ਵਿਚ ਲਿਆ ਹੈ ਪਰ ਆਪਣੇ ਮਤ ਦਾ ਆਧਾਰ ਕੋਈ ਨਹੀਂ ਦੱਸਿਆ। ਕੰਵਰ ਮਿਰਗਿੰਦ੍ਰ ਸਿੰਘ ਨੇ ਪਰੰਪਰਾਗਤ ਰਬਾਬੀਆਂ ਤੇ ਸੰਗੀਤ ਰਤਨਾ-ਕਰ ਦੇ ਹਵਾਲੇ ਨਾਲ ਇਸ ਨੂੰ 'ਗ੍ਰਹ ਤਾਲ' ਦੇ ਅਰਥਾਂ ਵਿਚ ਲਿਆ ਹੈ। ਆਪਣੇ ਮਤ ਦੀ ਪੁਸ਼ਟੀ ਹਿਤ ਉਨ੍ਹਾਂ ਨੇ ਇਰਾਨੀ ਤਾਲ ਪੱਧਤੀ ਇਕ ਗਾਹ ਦੋ ਗਾਹ,...ਦਾ ਹਵਾਲਾ ਵੀ ਦਿੱਤਾ ਹੈ ਜਿਸ ਦੇ ਅੰਤਰਗਤ ਵਿਦਵਾਨਾਂ ਨੇ 'ਘਰੁ' ਦਾ ਅਰਥ 'ਤਾਲ' ਸਵੀਕਾਰਿਆ ਹੈ। ਕੰਵਰ ਸਾਹਿਬ ਘਰ-ਤਾਲ ਨੂੰ 'ਗ੍ਰਹਤਾਲ' ਦੱਸਦੇ ਹਨ।[15] ਖਿਆਲ ਕੀਤਾ ਜਾਂਦਾ ਹੈ ਕਿ ਅਮੀਰ ਖੁਸਰੋ ਨੇ ਫਾਰਸੀ ਬਹਿਰ ਦੀ ਬੁਨਿਆਦ ਤੇ ਭਾਰਤੀ ਪ੍ਰਾਚੀਨ ਤਾਲਾਂ ਦੇ ਜੁਆਬ ਹਿਤ 17 ਤਾਲ ਈਜ਼ਾਦ ਕੀਤੇ ਸਨ। ਇਹ ਤਾਲ ਮੱਧਕਾਲ ਵਿਚ ਫਾਰਸੀ ਨਾਵਾਂ ਅਧੀਨ ਪ੍ਰਚਲਤ ਵੀ ਰਹੇ। ਸੰਭਵ ਹੈ ਏਹੋ 17 ਤਾਲ ਗੁਰੂ ਸਾਹਿਬ ਨੇ 'ਘਰੁ' ਦੇ ਰੂਪ ਵਿਚ ਵਰਤੇ ਹੋਣ। ਪਰ ਇਨ੍ਹਾਂ ਤਾਲਾਂ ਨੂੰ ਕ੍ਰਿਆਤਮਿਕ ਪੱਧਰ ਤੇ ਵਰਤਣਾ ਕਿਵੇਂ ਹੈ ਇਸ ਪ੍ਰਸ਼ਨ ਦਾ ਸਿਧਾ ਸਪਾਟ ਉੱਤਰ ਕਿਸੇ ਨੇ ਨਹੀਂ ਦਿੱਤਾ। ਏਥੋਂ ਤਕ ਪ੍ਰੋ. ਤਾਰਾ ਸਿੰਘ[17] ਅਤੇ ਡਾ: ਗੁਰਨਾਮ ਸਿੰਘ ਦੀ ਸਜਰੀ ਖੋਜ ਵੀ ਇਸ ਵਿਸ਼ੇ ਨੂੰ ਹੋਰ ਡੂੰਘੀ ਖੋਜ ਦਾ ਮੁਹਤਾਜ ਮੰਨਦੀ ਹੈ।

ਅਗਲੇ ਸੰਗੀਤ-ਸੰਕੇਤ ਦਾ ਸੰਬੰਧ ਬਾਣੀ ਵਿਚਲੇ ਵਿਸ਼ੇਸ਼ ਲੋਕ ਕਾਵਿ ਰੂਪਾਂ ਨਾਲ ਸੰਬੰਧਿਤ ਹੈ ਜੋ ਸੁਤੰਤਰ ਰੂਪ ਵਿਚ ਆਪੋ ਆਪਣੀਆਂ ਨਿਰਧਾਰਤ ਗਾਇਨ-ਸ਼ੈਲੀਆਂ ਦੇ ਸੁਆਮੀ ਹਨ। ਇਸ ਦੇ ਅੰਤਰਗਤ ਅਸ਼ਟਪਦੀਆਂ, ਪਦੇ, ਵਾਰ, ਛੰਤ, ਅਲਾਹੁਣੀਆਂ, ਘੋੜੀਆਂ, ਕਰਹਲੇ, ਪੜਤਾਲ, ਥਿਤੀ, ਸੋਹਲੇ ਆਦਿ ਆਉਂਦੇ ਹਨ। ਗੁਰਬਾਣੀ ਵਿਚ ਇਹ ਸੰਕੇਤ ਆਪਣੇ ਅੰਤ੍ਰੀਵ-ਭਾਵ ਅਤੇ ਪ੍ਰਕ੍ਰਿਤੀ ਅਨੁਕੂਲ ਢੁਕਵੇਂ ਰਾਗਾਂ ਅਧੀਨ ਅੰਕਿਤ ਕੀਤੇ ਗਏ ਹਨ। ਸਨਾਤਨੀ ਅਤੇ ਲੋਕ ਕਾਵਿ ਦੇ ਜਾਮੇ ਵਾਲੀਆਂ ਇਨ੍ਹਾਂ ਵਿਭਿੰਨ ਲੋਕ-ਗਾਯਨ ਸ਼ੈਲੀਆਂ ਨੂੰ ਗੁਰਮਤਿ ਸੰਗੀਤ ਵਿਚ ਇਨ੍ਹਾਂ ਦੇ ਪਰੰਪਰਾਗਤ ਮੂਲ ਪਰਿਭਾਸ਼ਕ ਗੁਣਾਂ ਤੋਂ ਹਟ ਕੇ ਕੇਵਲ ਗਾਇਨ-ਅੰਗ ਵਜੋਂ ਹੀ ਪ੍ਰਵਾਨਿਆ ਗਿਆ ਹੈ ਤਾਂ ਕਿ ਸਰੋਤਾ ਜਨ

ਪਰਮ ਸਤਿ ਨਾਲੋਂ ਟੁਟ ਕੇ ਇਨ੍ਹਾਂ ਦੇ ਬ੍ਰਿਤਾਂਤਕ ਰੂਪ ਵੱਲ ਉਲਾਰ ਨਾ ਹੋ ਜਾਣ। ਗੁਰਬਾਣੀ ਵਿਚ ਇਸ ਦੇ ਰਚਨਹਾਰਿਆਂ ਨੇ ਸਨਾਤਨੀ ਸੰਗੀਤ ਦੀ ਕੱਟੜਤਾ (Rigidity) ਵਿਚ ਲਚਕੀਲਾਪਨ (Flexiblity) ਲਿਆ ਕੇ ਇਸ ਨੂੰ ਸਹਿਜਤਾ (Normalicy) ਅਤੇ ਲੋਕ-ਸੰਗੀਤ ਦੀਆਂ ਵਿਭਿੰਨ ਸ਼ੈਲੀਆਂ ਉਤੇ ਗੁਰਮਤਿ ਸੰਗੀਤ ਦੇ ਅੰਕਸ ਰਾਹੀਂ ਉਸ ਦੀ ਚਟਕ ਭਟਕ ਨੂੰ ਠਲ੍ਹ ਪਾ ਕੇ ਸੰਤੁਲਤ ਰੂਪ ਦਿੰਦਆਂ ਬਾਣੀ ਦੇ ਸੰਚਾਰੀ-ਭਾਵ ਅਨੁਕੂਲ ਬਣਾਇਆ। ਇਨ੍ਹਾਂ ਸਨਾਤਨੀ ਤੇ ਲੋਕ ਗਾਯਨ ਸ਼ੈਲੀਆਂ ਵਿਚੋਂ ਕੁਝ ਇਕ ਤੇ ਚਰਚਾ ਕਰਨੀ ਤਰਕ-ਸੰਗਤ ਲਗਦੀ ਹੈ। ਇਸ ਸੰਦਰਭ ਵਿਚ ਪ੍ਰਥਮ 'ਅਸ਼ਟਪਦੀ' ਦੇ ਸੰਗੀਤ-ਸੰਕੇਤ ਬਾਰੇ ਵਿਚਾਰ ਇਸ ਪ੍ਰਕਾਰ ਹਨ :—

ਅਸ਼ਟਪਦੀ ਪ੍ਰਸਿੱਧ ਸਨਾਤਨੀ ਕਾਵਿ-ਰੂਪ ਹੈ ਜਿਸ ਵਿਚ ਧਰਮ ਅਤੇ ਦਰਸ਼ਨ ਦੇ ਖੇਤਰ ਨਾਲ ਸੰਬੰਧਿਤ ਗੰਭੀਰ ਤੇ ਬੌਧਿਕ ਕਿਸਮ ਦੇ ਸਿਧਾਂਤਿਕ ਵਿਚਾਰ ਪ੍ਰਸਤੁਤ ਕੀਤੇ ਜਾਂਦੇ ਹਨ। ਇਸ ਕਾਵਿ ਨੂੰ ਗਾਯਨ-ਪ੍ਰਬੰਧ ਅਧੀਨ ਪੂਰਵ ਗੁਰੂ-ਕਾਲ ਵਿਚ ਵੀ ਗਾਉਣ ਦੀ ਪਰੰਪਰਾ ਜਾਰੀ ਸੀ। ਜੈਦੇਵ ਕ੍ਰਿਤ 'ਗੀਤ ਗੋਬਿੰਦ' ਵਿਚ ਦਰਜ ਅਸ਼ਟਪਦੀਆਂ ਭਾਰਤੀ ਸਾਹਿਤ ਅਤੇ ਭਾਰਤੀ ਸੰਗੀਤ ਵਿਚ ਅਨੂਪਮ ਰਚਨਾਵਾਂ ਮੰਨੀਆਂ ਜਾਂਦੀਆਂ ਹਨ। ਗੁਰਬਾਣੀ ਵਿਚ ਇਸ ਰੂਪ ਦਾ ਪ੍ਰਯੋਗ ਪਹਿਲੇ, ਤੀਜੇ, ਚੌਥੇ ਤੇ ਪੰਜਵੇਂ ਗੁਰੂ ਵੱਲੋਂ ਕੀਤਾ ਗਿਆ ਹੈ। ਕਾਵਿ-ਸ਼ਾਸਤਰ ਅਨੁਸਾਰ ਅੱਠ ਪਦ ਜਾਂ ਅੱਠ ਬੰਦਾਂ ਵਾਲੀ ਰਚਨਾ ਆਸ਼ਟਪਦੀ ਹੁੰਦੀ ਹੈ। ਪਰ ਗੁਰਬਾਣੀ ਵਿਚ ਇਸ ਨਿਯਮ ਦੀ ਪਾਬੰਧੀ ਤੋੜ ਕੇ ਖੁਲ੍ਹ ਮਾਣਦਿਆਂ ਇਕ ਤੋਂ ਲੈ ਕੇ ਗਿਆਰਾ ਬੰਦ ਵਾਲੀਆਂ ਰਚਨਾਵਾਂ ਵੀ ਅਸ਼ਟਪਦੀ ਦੇ ਸਿਰਲੇਖ ਹੇਠ ਪ੍ਰਾਪਤ ਹੁੰਦੀਆਂ ਹਨ। ਪੰਜਵੇਂ ਨਾਨਕ ਦੀ ਪ੍ਰਸਿੱਧ ਰਚਨਾ 'ਸੁਖਮਨੀ' ਏਸੇ ਕਾਵਿ-ਪ੍ਰਬੰਧ ਅਧੀਨ ਰਚੀ ਗਈ ਹੈ। ਪਰ ਗੁਰਮਤਿ ਸੰਗੀਤ ਦੇ ਗਾਵਣਹਾਰੇ ਇਸ ਸੰਗੀਤ ਸੰਕੇਤ ਦਾ ਬਾਣੀ-ਸੰਚਾਰ ਲਈ ਪ੍ਰਯੋਗ ਨਹੀਂ ਕਰ ਰਹੇ।

ਅਗਲਾ ਕਾਵਿ ਸੰਗੀਤ-ਸੰਕੇਤ 'ਪਦੇ' ਹੈ। ਗੁਰਬਾਣੀ ਸ਼ਬਦ ਰਚਨਾ ਦੇ ਆਰੰਭ ਵਿਚ ਦੁਪਦੇ, ਤਿਪਦੇ, ਚੌਪਦੇ ਪੰਚਪਦੇ ਆਦਿ ਸੰਗੀਤ ਸੰਕੇਤ ਅੰਕਿਤ ਹਨ। ਮੱਧਕਾਲੀਨ ਭਾਰਤੀ ਸੰਗੀਤ ਪਰੰਪਰਾ ਵਿਚ ਪਦ-ਰਚਨਾ ਦਾ ਗਾਯਨ ਧਰੁਪਦ ਅੰਗ ਤੋਂ ਹੀ ਕੀਤਾ ਜਾਂਦਾ ਸੀ। ਗੁਰਮਤਿ ਸੰਗੀਤ ਵਿਚ ਵੀ ਪ੍ਰਧਾਨਤਾ ਧਰੁਪਦ ਸ਼ੈਲੀ ਦੀ ਹੁੰਦੀ ਸੀ। ਪਰ ਸਮਾਂ ਗੁਜਰਨ ਨਾਲ ਇਹ ਸਥਾਨ ਧਮਾਰ ਤੇ ਖਿਆਲ ਗਾਯਨ ਸ਼ੈਲੀ ਨੇ ਲੈ ਲਿਆ। ਧਰੁਪਦ-ਗਾਯਨ ਕਰਨ ਲਈ ਕਰੜੀ ਸਾਧਨਾ ਤੇ ਚੰਗੀ ਖੁਰਾਕ ਦੀ ਲੋੜ ਹੁੰਦੀ ਹੈ ਜਿਸ ਦੀ ਅਜ ਅਣਹੋਂਦ ਹੈ। ਸ਼ਾਇਦ ਏਸੇ ਕਾਰਨ ਇਹ ਗਾਯਨ ਕਲਾ ਅਲੋਪ ਹੋ ਰਹੀ ਹੈ।

ਅਗਲਾ ਸੰਕੇਤ 'ਪੜਤਾਲ' ਨਾਲ ਸੰਬੰਧਿਤ ਹੈ। ਇਸ ਗਾਯਨ-ਸ਼ੈਲੀ ਬਾਰੇ ਡਾ. ਗੁਰਨਾਮ ਸਿੰਘ ਨੇ ਆਪਣੇ ਇਕ ਖੋਜ-ਪੱਤਰ 'ਪੜਤਾਲ' ਨਵ ਵਿਵੇਚਨ

ਵਿਚ ਪੂਰਵ ਸਥਾਪਿਤ ਧਾਰਨਾਵਾਂ ਨੂੰ ਰਦਿਆਕੇ ਇਸ ਨੂੰ ਭਾਰਤੀ ਸੰਗੀਤ ਕੋਸ਼ ਵਿਚ ਦਰਜ 'ਪੜਾਲ' ਨਾਲ ਜੋੜਿਆ ਹੈ।[18] ਗੁਰਬਾਣੀ ਵਿਚ ਗੁਰੂ ਰਾਮਦਾਸ ਜੀ ਦੀਆਂ 19 ਅਤੇ ਗੁਰੂ ਅਰਜਨ ਦੇਵ ਜੀ ਦੀਆਂ 36 ਪੜਤਾਲਾਂ ਵੱਖ ਵੱਖ ਰਾਗਾਂ ਅਧੀਨ ਦਰਜ ਹਨ।

ਗੁਰਬਾਣੀ ਵਿਚ ਲੋਕ ਕਾਵਿ-ਰੂਪ ਤੇ ਲੋਕ ਧੁਨਾ ਅਧੀਨ ਦਰਜ ਸੰਗੀਤ-ਸੰਕੇਤ ਵਾਰ, ਛੰਤ, ਘੋੜੀਆਂ, ਅਲਾਹੁਣੀਆਂ ਆਦਿ ਜਿਥੇ ਲੋਕ-ਮਨ ਦੀ ਅਭਿ-ਵਿਅਕਤੀ ਨਾਲ ਜੁੜੇ ਹੋਏ ਹਨ ਇਥੇ ਇਹ ਪਰੰਪਰਾਗਤ ਸੰਗੀਤਕ ਗੁਣਾਂ ਨਾਲ ਵੀ ਸੰਪੰਨ ਹਨ।

ਪਰ ਗੁਰਮਤਿ ਸੰਗੀਤ ਵਿਚ ਇਨ੍ਹਾਂ ਦਾ ਸੰਚਾਰ, ਬਾਣੀ-ਭਾਵ ਪ੍ਰਕਾਸ਼ ਦੀ ਮੰਤਵ ਸਿਧੀ ਦੇ ਕਾਰਜਹਿਤ ਹੀ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਅਧਿਆਤ-ਮਿਕ ਸਿਧਾਂਤ ਅਧੀਨ ਜੀਵ-ਆਤਮਾ ਨੂੰ ਸੇਧ ਮਿਲਦੀ ਰਹੇ। ਗੁਰਮਤਿ ਸੰਗੀਤ ਵਿਚ ਇਹ ਲੋਕ-ਕਾਵਿ ਰੂਪ ਤੇ ਗਾਯਨ ਸ਼ੈਲੀਆਂ ਇਕ ਦੂਜੇ ਦੀਆਂ ਪੂਰਕ ਬਣ ਕੇ ਬਾਣੀ ਦੀ ਸੰਚਾਰ ਪ੍ਰਕ੍ਰਿਆ ਲਈ ਸੰਯੁਕਤ ਤੇ ਸੰਮਿਲਤ ਰੂਪ ਵਿਚ ਕਾਰਜ-ਸ਼ੀਲ ਹੁੰਦੀਆਂ ਹਨ।

ਅਗਲੇ ਸੰਗੀਤ ਸੰਕੇਤ, ਬਾਣੀ ਵਿਚ ਦਰਜ 'ਰਹਾਉ' ਅਤੇ 'ਅੰਕ' ਹਨ।

ਸੰਗੀਤ ਦੀ ਦੁਨੀਆਂ ਵਿਚ ਕਿਸੇ ਵੀ ਰਚਨਾ ਦੇ ਗਾਯਨ ਲਈ ਦੋ ਇਕਾ-ਈਆਂ ਪ੍ਰਮੁੱਖ ਹੁੰਦੀਆਂ ਹਨ। ਪਹਿਲੀ ਸਥਾਈ ਜਾਂ ਟੇਕ ਅਤੇ ਦੂਸਰੀ ਅੰਤਰਾ। ਗੁਰਮਤਿ ਸੰਗੀਤ ਵਿਚ ਵੀ ਏਸੇ ਸੰਗੀਤ-ਪਰੰਪਰਾ ਅਧੀਨ ਸ਼ਬਦ ਵਿਚਲੀ 'ਰਹਾਓ' ਵਾਲੀ ਤੁਕ ਨੂੰ ਸਥਾਈ ਜਾਂ ਟੇਕ ਬਣਾ ਕੇ ਸ਼ਬਦ ਦੀਆਂ ਬਾਕੀ ਤੁਕਾਂ ਦਾ ਸੰਚਾਰ-ਭਾਵ ਅੰਤਰੇ ਦੇ ਗਾਯਨ ਰਾਹੀਂ ਪ੍ਰਸਤੁਤ ਕੀਤਾ ਜਾਂਦਾ ਹੈ। 'ਰਹਾਓ' ਵਾਲੀ ਇਸ ਤੁਕ ਨੂੰ ਸ਼ਬਦ-ਬਾਣੀ ਦਾ ਕੇਂਦਰੀ ਧੁਰਾ ਮੰਨਿਆ ਜਾਂਦਾ ਹੈ ਅਤੇ ਸੰਗੀਤ ਸੰਕੇਤ ਦੀ ਇਹ ਸੰਚਾਰ-ਜੁਗਤ ਸ਼ਬਦ ਦੇ ਸਮੁੱਚੇ ਸੰਦੇਸ਼ ਨੂੰ ਸਮੂਰਤ ਕਰਦੀ ਹੈ। ਬਾਣੀ ਦਾ ਅੰਕਣ ਪ੍ਰਬੰਧ ਸ਼ਬਦ-ਸੰਚਾਰ ਦੇ ਅੰਤਰਿਆਂ ਦਾ ਨਿਰਧਾ-ਰਣ ਕਰਦਾ ਹੈ। ਗੁਰਬਾਣੀ ਵਿਚ ਇਹ ਅੰਕ ਇਕ ਤੋਂ ਸੋਲਾਂ ਤਕ ਦਰਜ ਹਨ। ਗੁਰਮਤਿ ਸੰਗੀਤ ਦੇ ਜਾਣਕਾਰ ਗਾਵਣਹਾਰੇ, ਜਿਥੇ ਅੰਕ ਲੱਗਾ ਹੋਵੇ ਉਥੋਂ ਤਕ ਉਸ ਤੁਕ ਨੂੰ 'ਅੰਤਰੇ' ਲਈ ਵਰਤਦੇ ਹਨ। ਜਿਥੇ ਰਹਾਉ ਵਾਲੀ ਤੁਕ ਦਾ ਵਾਰ ਵਾਰ ਕੀਤਾ ਗਾਯਨ ਸ਼ਬਦ ਦੇ ਕੇਂਦਰੀ ਭਾਵ ਨੂੰ ਉਜਾਗਰ ਕਰਦਾ ਹੈ ਓਥੇ ਇਸ ਅੰਕ ਪ੍ਰਬੰਧ ਅਧੀਨ ਗਾਏ ਜਾਣ ਵਾਲੇ ਵੱਖ ਵੱਖ ਅੰਤਰੇ ਸ਼ਬਦ ਦੇ ਕੇਂਦਰੀ ਭਾਵ ਨੂੰ ਵਿਸਤਾਰ ਸਹਿਤ ਪ੍ਰਗਟਾਉਣ ਵਿਚ ਸਹਾਈ ਹੁੰਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤੇ ਗਏ ਸੰਗੀਤਕ-ਸੰਕੇਤਾਂ ਬਾਰੇ ਉਪਰੋਕਤ ਸੰਖਿਪਤ ਚਰਚਾ ਗੁਰਬਾਣੀ ਨੂੰ ਸਮਝਣ ਤੇ ਸਮਝਾਉਣ ਲਈ ਸੰਗੀਤ ਨੂੰ ਪ੍ਰਮੁੱਖ ਸੰਚਾਰ-ਜੁਗਤ ਵਜੋਂ ਸਥਾਪਿਤ ਕਰਦੀ ਹੈ।

— ਗੁਰਮਤਿ ਸੰਗੀਤ ਵਿਚ ਇਹ ਸੰਕੇਤ ਭਾਰਤੀ ਸੰਗੀਤ ਪਰੰਪਰਾ ਦਾ ਅਨੁਕਰਣ ਨਹੀਂ ਕਰਦੇ ਸਗੋਂ ਇਨ੍ਹਾਂ ਰਾਹੀਂ ਬਾਨੀ ਦੀ ਸੰਚਾਰ-ਪ੍ਰਕ੍ਰਿਆ ਬਾਨੀ ਦੇ ਭਾਵ ਪ੍ਰਕਾਸ਼ਨ ਲਈ ਕਾਰਜਸ਼ੀਲ ਰਹਿੰਦੀ ਹੈ।

—ਗੁਰੂ ਸਾਹਿਬਾਨ ਨੇ ਇਨ੍ਹਾਂ ਸੰਗੀਤ ਸੰਕੇਤਾਂ ਦੀ ਥਾਣੀ ਦੀ ਸੰਚਾਰ ਜੁਗਤ ਵਜੋਂ ਇਕ ਵਿਲੱਖਨ ਸੰਗੀਤ ਪ੍ਰਬੰਧ ਅਧੀਨ ਸੰਰਚਨਾ ਕਰਕੇ ਇਸ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਸੰਸਥਾਗਤ, ਰੂਪ ਵਿਚ ਮੌਲਿਕਤਾ ਪ੍ਰਦਾਨ ਕੀਤੀ।

—ਗੁਰਬਾਣੀ ਦੇ ਇਹ ਸੰਗੀਤ-ਸੰਕੇਤ ਆਪਣੇ ਵਿਲੱਖਣ ਪ੍ਰਕਾਰਜ ਅਤੇ ਨਵੀਨ ਮੁਹਾਵਰੇ ਵਾਲੇ ਵਿਸ਼ਿਸ਼ਟ ਰੂਪੰਤ੍ਰਿਤ ਰੂਪ ਸਦਕਾ, ਪੂਰਵ ਕਾਲੀਨ ਅਤੇ ਸਮਕਾਲੀਨ ਭਾਰਤੀ ਤੇ ਭਗਤੀ ਸੰਗੀਤ ਪਰੰਪਰਾਵਾਂ ਨਾਲੋਂ ਆਪਣਾ ਨਿਵੇਕਲਾਪਣ ਉਜਾਗਰ ਕਰਦੇ ਹਨ।

— ਇਹ ਸੰਗੀਤ-ਸੰਕੇਤ ਨਿਰਧਾਰਿਤ ਰਾਗਾਂ ਵਿਚ ਸ੍ਰੋਤ ਗਨਾ ਦੀ ਦ੍ਰਿਸ਼ਟੀ ਤੋਂ ਉਸ ਦੀ ਮਾਨਸਿਕ ਸਮਰਥਾ ਅਤੇ ਸਭਿਆਚਾਰਿਕ ਵਿਰਸੇ ਤੋਂ ਭਲੀਭਾਂਤ ਸੁਚੇਤ ਹੋ ਕੇ ਚੁਣੇ ਗਏ ਹਨ।

—ਬਾਣੀ ਦੇ ਇਨ੍ਹਾਂ ਸੰਗੀਤ–ਸੰਕੇਤਾਂ ਨੂੰ ਸੰਚਾਰ-ਪ੍ਰਕ੍ਰਿਆ ਸਮੇਂ ਸਿਧਾਂਤਕ ਅਤੇ ਕ੍ਰਿਆਤਮਿਕ ਦ੍ਰਿਸ਼ਟੀ ਤੋਂ ਸੰਤੁਲਿਤ ਰੱਖਣ ਨਾਲ, ਗੁਰਬਾਣੀ ਦੇ ਭਾਵ ਪ੍ਰਕਾਸ਼ ਅਤੇ ਗੁਰਮਤਿ ਸੰਗੀਤ ਦੇ ਰਾਗਾਂ ਦੀ ਪ੍ਰਕ੍ਰਿਤੀ ਵਿਚ ਅਟੁੱਟ ਸਾਂਝ ਬਣ ਜਾਂਦੀ ਹੈ।

—ਬਣੀ ਦੇ ਇਨ੍ਹਾਂ ਸੰਗੀਤ ਸੰਕੇਤਾਂ ਦੀ ਸੰਚਾਰ ਪ੍ਰਕ੍ਰਿਆ ਸਮੇਂ ਗੁਰਮਤਿ ਸੰਗੀਤ ਦੇ ਗਾਵਣਹਾਰੇ ਨੂੰ ਨਿਰਧਾਰਤ ਰਾਗ ਦੇ ਸੰਚਾਰੀ ਸੁਭਾਉ, ਪ੍ਰਕ੍ਰਿਤੀ, ਕਾਵਿ ਰੂਪ, ਧੁਨ, ਘਰੁ, ਰਹਾਉ ਅਤੇ ਅੰਕ ਆਦਿ ਦਾ ਚੰਗਾ ਗਿਆਨ ਹਾਸਿਲ ਹੋਣਾ ਚਾਹੀਦਾ ਹੈ ਅਤੇ ਉਸ ਨੂੰ ਇਹ ਸਾਰੇ ਅੰਗ ਸਮੁੱਚੀ ਇਕਾਈ ਦੇ ਰੂਪ ਵਿਚ ਪ੍ਰਸਤੁੱਤ ਕਰਨੇ ਚਾਹੀਦੇ ਹਨ, ਤਾਂ ਹੀ ਬਾਣੀ ਦਾ ਠੀਕ ਪ੍ਰਸੰਗ ਵਿਚ ਪ੍ਰਕਾਸ਼ ਹੋ ਸਕਦਾ ਹੈ। ਗੁਰਮਤਿ ਸੰਗੀਤ ਵਿਚ ਇਸ ਵਿਧਾਨ ਦੇ ਵਿਪਰੀਤ ਹੋਣ ਵਾਲਾ ਬਾਣੀ-ਸੰਚਾਰ ਨਾ ਤਾਂ ਭਾਵ ਪ੍ਰਕਾਸ਼ ਹੀ ਕਰ ਸਕਦਾ ਹੈ ਅਤੇ ਨਾ ਹੀ ਮਾਨਵ-ਬਿਰਤੀਆਂ ਨੂੰ ਪਰਮ ਸਤਿ ਨਾਲ ਜੋੜਨ ਲਈ ਇਕਾਗਰ-ਚਿਤ ਕਰਨ ਦੇ ਸਮਰਥ ਹੁੰਦਾ ਹੈ।

—ਗੁਰਬਾਣੀ ਦੇ ਇਨ੍ਹਾਂ ਸੰਗੀਤ ਸੰਕੇਤਾਂ ਦਾ ਸੰਚਾਰ-ਪ੍ਰਕ੍ਰਿਆ ਸਮੇਂ ਗਾਵਣਹਾਰੇ ਦੀ ਪ੍ਰਤਿਭਾ ਸੰਗੀਤ ਸੰਚਾਰ ਰਾਹੀਂ ਸ਼ਬਦ ਦੇ ਹੋਣ ਵਾਲੇ ਪ੍ਰਕਾਸ਼ਨ ਨੂੰ ਪ੍ਰਜਵਲਤ ਕਰਨ ਤੇ ਨਿਰਭਰ ਕਰਦੀ ਹੈ, ਨਾ ਕਿ ਸੰਗੀਤ-ਕਲਾ-ਪਖ ਨੂੰ ਉਭਾਰਨ ਜਾਂ ਉਲਾਰਨ ਨਾਲ। ਏਥੇ ਗਾਵਣਹਾਰੇ ਦੀ ਭੂਮਿਕਾ ਦੁਵੱਲੀ ਪ੍ਰਕ੍ਰਿਆ ਹੈ। ਪਹਿਲਾਂ ਉਹ ਸ਼ਬਦ-ਕੀਰਤਨ ਰਾਹੀਂ ਆਪਣੀ ਆਤਮਾ ਨੂੰ ਸੁਰ ਕਰਕੇ ਪ੍ਰਭੂ

ਚਰਨਾਂ ਨਾਲ ਜੋੜਦਾ ਹੈ ੳੁਪਰੰਤ ਓਸੇ ਸੰਚਾਰ-ਜੁਗਤ ਅਧੀਨ ਬੇਸੁਰੀਆਂ ਸੁਰਤਾਂ ਨੂੰ ਬਾਣੀ ਅੰਤਰ ਬੋਧ ਤੇ ਭਾਵ ਪ੍ਰਕਾਸ਼ਨ ਲਈ ਕਾਰਜ ਕਰਦਾ ਹੈ।

ਗੁਰਬਾਣੀ ਦੇ ਇਹ ਸੰਗੀਤ ਸੰਕੇਤ ਸਿੱਧ ਕਰਦੇ ਹਨ ਕਿ ਗੁਰੂ ਸਾਹਿਬਾਨ, ਸੰਗੀਤ ਦੇ ਗਹਿਰ ਗੰਭੀਰ ਸੰਚਾਰੀ–ਪ੍ਰਭਾਵ ਤੋਂ ਭਲੀ-ਭਾਂਤ ਸੁਚੇਤ ਰੂਪ ਵਿਚ ਜਾਣੂੰ ਸਨ। ਉਨ੍ਹਾਂ ਨੇ ਸਮਕਾਲੀ ਭਗਤੀ ਤੇ ਭਾਰਤੀ ਸੰਗੀਤ ਨੂੰ ਸਮਝਿਆ, ਘੋਖਿਆ ਅਤੇ ਇਸ ਨੂੰ ਪਰੰਪਰਾਗਤ ਰੂਪ ਵਿਚ ਸਵੀਕਾਰ ਕਰਨ ਦੀ ਥਾਂ ਵਿਗਿਆਨਕ ਪੱਧਰ ਤੇ ਨਵੇਂ ਮੁਹਾਵਰੇ ਤੇ ਅਰਥਾਂ ਵਿਚ, ਬਾਣੀ ਦੇ ਗੂਹਜ ਭਾਵ, ਲੋਕ ਮਾਨਸ ਦੀ ਚੇਤਨਾ ਵਿਚ ਦ੍ਰਿੜ ਕਰਾਉਣ ਲਈ ਪ੍ਰਮੁੱਖ ਸੰਚਾਰ-ਜੁਗਤ ਵਜੋਂ ਚੁਣਿਆ। ਆਪਣੇ ਵਿਲੱਖਣ ਰੂਪ ਵਿਚ ਇਹ ਗੁਰਮਤਿ ਸੰਗੀਤ, ਸੁਤੰਤਰ ਪੱਧਤੀ ਵਜੋਂ ਮੌਲਿਕਤਾ ਦਾ ਜਾਮਾ ਪਹਿਨ ਕੇ ਸੰਜਬ ਈ ਪਦ ਪ੍ਰਾਪਤ ਕਰ ਚੁੱਕਾ ਹੈ। ਪਰ ਗੁਰਮਤਿ ਸੰਗੀਤ, ਸੁਤੰਤਰ ਪੱਧਤੀ ਦੇ ਅਧਿਕਾਂਸ਼ ਗਾਵਣਹਾਰੇ ਲੋੜੀਂਦੀ ਸਿੱਖਿਆ ਨਾ ਮਿਲਣ ਕਰਕੇ ਅਤੇ ਪੱਛਮੀ ਪ੍ਰਭਾਵ ਅਧੀਨ ਪਦਾਰਥਿਕ ਰੁਚੀਆਂ ਵੱਲ ਝੁਕਾਉ ਰੱਖਣ ਕਾਰਨ ਅਤੇ ਸ੍ਰੋਤਿਆਂ ਵਿਚ ਕੰਨ-ਰਸ ਦੀ ਵਧ ਰਹੀ ਰੁਚੀ ਦੇ ਪ੍ਰਭਾਵ ਅਧੀਨ, ਇਸ ਦਾ ਪਾਲਣ ਨਹੀਂ ਕਰ ਰਹੇ ਜਿਸ ਕਾਰਣ ਗੁਰਮਤਿ ਸੰਗੀਤ ਦੀ ਇਹ ਪਰੰਪਰਾ ਤਿੜਕ ਰਹੀ ਹੈ ਅਤੇ ਇਸ ਦੇ ਰਾਗਾਂ ਦੀ ਸੂਚਮਤਾ, ਗਾਇਨ ਸ਼ੈਲੀਆਂ ਅਤੇ ਧੁਨੀਆਂ ਇਕ ਇਕ ਕਰਕੇ ਸਮੇਂ ਦੀ ਮੁੱਠੀ ਵਿਚੋਂ ਕਿਰ ਰਹੀਆਂ ਹਨ। ਇਸ ਰੁਚੀ ਕਾਰਨ ਹੀ ਇਸ ਸੰਚਾਰ ਜੁਗਤ ਦਾ ਪਾਰਗਾਮਨਾ ਵਾਲਾ ਸੰਦੇਸ਼ ਲੁਪਤ ਹੁੰਦਾ ਜਾ ਰਿਹਾ ਹੈ। ਇਸ ਪਰੰਪਰਾ ਨੂੰ ਸੁਚਤਮ ਰੱਖਣ ਤੋਂ ਸੁਰਜੀਤ ਕਰਨ ਦੀ ਵਧੇਰੇ ਲੋੜ ਹੈ। ਅਜੇਹਾ ਉਪਰਾਲਾ ਹੀ ਗੁਰੂ ਕਾਲ ਤੋਂ ਇਸ ਸੰਚਾਰ-ਜੁਗਤ ਰਾਹੀ ਵਰਸ ਰਹੀਂ ਅੰਮ੍ਰਿਤ ਦੀ ਧਾਰ, ਤਪਦੇ ਹਿਰਦਿਆਂ ਨੂੰ ਠਾਰ, ਮਾਨਵ ਦੇ ਚੰਚਲ ਮਨ ਨੂੰ ਅਧਿਆਤਮਿਕ ਮੰਡਲ ਦੀਆਂ ਉਡਾਰੀਆਂ ਲੁਆਉਣ ਦੇ ਸਮਰਥ ਹੋ ਸਕਦਾ ਹੈ।

---

ਫੁੱਟ ਨੋਟੇ ਤੇ ਹਵਾਲੇ

15. ਕੰਵਰ ਮ੍ਰਿਗਿੰਦਰ ਸਿੰਘ, ਪੂਰਬੋਕਤ, ਪੰਨਾ 22
16. ਅੰਮ੍ਰਿਤ ਕੀਰਤਨ, ਡਾ. ਜਗੀਰ ਸਿੰਘ (ਸੰਪਾਦਕ) ਅੰਮ੍ਰਿਤ ਕੀਰਤਨ ਟ੍ਰਸਟ, ਚੰਡੀਗੜ੍ਹ, ਪ੍ਰੋ. ਤਾਰਾ ਸਿੰਘ ਵਿਸ਼ੇਸ਼ ਅੰਕ 8-9, 1990, ਪੰਨਾ 10
17.
18. ਗੁਰਬਾਣੀ ਅਧਿਐਨ, ਪੰਨਾ 110

—❀—

# ''ਫ਼ਨੇ-ਕੱਵਾਲੀ ਅਤੇ ਇਸ ਫ਼ਨ (ਹੁਨਰ) ਦੇ ਕਲਾਕਾਰ ਕੱਵਾਲ''

(ਪਿਛਲੇ ਅੰਕ ਨੰ: 5—ਮਈ 1991 ਤੋਂ ਅੱਗੇ) ਟੀ. ਸੀ. ਨਗਪਾਲ

ਦਾਸ ਨੇ ਪਿਛਲੇ ਅੰਕ ਦੇ ਸਫ਼ਾ 24 ਅਨੁਸਾਰ ਅਰਜ਼ ਕੀਤੀ ਸੀ ਕਿ ਦਾਸ ਸ੍ਰੀ ਰੈਹਮਤ ਕੱਵਾਲ ਦੀ ਮਿਸਾਲੀ ਖ਼ਾਸ ਕਾਰਗੁਜ਼ਾਰੀ ਬਾਰੇ ਵੇਰਵੇ ਨਾਲ ਇਸ ਤਾਜ਼ਾ ਮਜ਼ਮੂਨ ਵਿਚ ਪਾਠਕਾਂ ਸਾਹਮਣੇ ਕੁਝ ਅੱਖਰ ਪੇਸ਼ ਕਰੇਗਾ ਅਤੇ ਨਾਲ ਹੀ ਖ਼ਾਸ ਖ਼ਾਸ ਉੱਘੇ ਉੱਘੇ ਕੁਝ ਉਸਤਾਦ ਟਾਈਪ ਸੀਨੀਅਰ ਕੱਵਾਲ ਭਾਈਆਂ ਦਾ ਭੀ ਜ਼ਿਕਰ ਕਰੇਗਾ। ਜੋ ਕਿ ਕੁਝ ਇਸ ਪ੍ਰਕਾਰ ਹੈ :—

ਇਕ ਕੋਈ ਐਹਲੇ-ਜ਼ੌਕ ਸ਼ੌਕ ਇਲਮ-ਦੋਸਤ ਦਾਨਿਸ਼ਵਰ ਸੱਜਣ ਸ੍ਰੀ ਬਾਂਸਲ ਸਾਹਿਬ ਹਨ, ਜਿਨ੍ਹਾਂ ਨੇ ਜੰਨਤ-ਨਸੀਬ ਸ੍ਰੀ ਰੈਹਮਤ-ਕੱਵਾਲ ਸਰਹੰਦੀ ਯਾ ਮਾਲੇਰਕੋਟੀ ਜੀ ਦੀ ਵਫ਼ਾਤ ਸਮੇਂ ਮਾਰਚ ਸੰਨ 1983 ਵਿਚ ਕੁਝ ਆਪ ਜੀ ਬਾਰੇ ਅਖ਼ਬਾਰ ਵਿਚ ਇਕ ਮਜ਼ਮੂਨ ਦਿੱਤਾ ਸੀ। ਜਿਸ ਤੋਂ ਮਾਲੂਮ ਹੁੰਦਾ ਹੈ ਕਿ ਇਨ੍ਹਾਂ (ਬਾਂਸਲ ਸਾਹਿਬ ਜੀ) ਨੂੰ ਕੱਵਾਲੀ-ਕਲਾਕਾਰੀ ਦਾ ਦਿਲੋਂ ਮਨੋਂ ਗਹਿਰਾ ਲਗਾਓ ਹੈ ਅਤੇ ਆਪ ਜੀ ਸ੍ਰੀ ਰੈਹਮਤ ਜੀ ਦੇ ਕਲਾ-ਪਿਆਰ ਵਜੋਂ ਕਾਫ਼ੀ ਨਜ਼ਦੀਕ ਰਹੇ ਹਨ। ਜਿਵੇਂ ਕਿ ਦਾਸ ਨਾ ਨਜ਼ੀਰ ਸ਼ਬਦ-ਗਾਇਕ ਗੁਰੂ ਕੇ ਕੀਰਤਨੀ ਸ੍ਰ: ਭਾਈ ਚਾਂਦ ਜੀ ਰਬਾਬੀ ਨਾਲ ਲਗਾਤਾਰ ਕਈ ਸਾਲ ਨੱਥੀ ਰਿਹਾ ਹੈ। ਗੱਲਾਂ 'ਚੋਂ ਗੱਲ ਨਿਕਲ ਆਉਂਦੀ ਹੈ; ਕਾਸ਼ ਅਜਿਹੇ ਦਿਲੀ-ਲਗਾਓ ਅਗਰ ਸਾਡੇ ਲੋਕਾਂ ਦੇ ਮਾਨੁੱਖਾਂ ਬੰਦਿਆਂ ਅਤੇ ਜਿਨਸਾਂ ਦੀ ਬਜਾਏ ਕਿਧਰੇ ਪ੍ਰਭੂ ਦੀ ਯਾਦ ਪਿਆਰ ਵਿਚ ਲੱਗ ਜਾਵੇ ਤਾਂ ਜੀਵਨ ਹੀ ਸਫ਼ਲ ਹੋ ਜਾਏ! ਖੈਰ ਇਸੇ ਉਪਰੋਕਤ ਅਖਬਾਰੀ ਮਜ਼ਮੂਨ ਦੇ ਆਧਾਰ ਤੇ ਦਾਸ ਇਥੇ ਸ੍ਰੀ ਰੈਹਮਤ ਕੱਵਾਲ ਜੀ ਬਾਰੇ ਕੁਝ ਅੱਖਰ ਅੰਕਿਤ ਕਰ ਰਿਹਾ ਹੈ। ਆਸ ਹੈ ਮੇਰੇ ਬਜ਼ੁਰਗ ਅਤੇ ਕਲਾ-ਪ੍ਰੇਮੀ ਨੌ-ਜਵਾਨ ਪਾਠਕ ਸੱਜਣ ਜ਼ਰੂਰ ਇਹਨਾਂ ਅੱਖਰਾਂ ਵਿਚ ਕੁਝ ਦਿਲਚਸਪੀ ਲੈਣਗੇ। ਧੰਨਵਾਦ।

ਸ੍ਰੀ ਰੈਹਮਤ ਕੱਵਾਲ ਦਾ ਕੱਵਾਲੀ ਦੀ ਦੁਨੀਆਂ ਵਿਚ ਇਤਨਾ ਜਾਣਿਆ ਪਛਾਣਿਆ ਨਾਂ ਹੈ ਕਿ ਇਹ ਕਿਸੇ ਪਹਿਚਾਣ ਕਰਾਉਣ ਦਾ ਮੁਹਤਾਜ ਨਹੀ। ਇਕ ਫਾਰਸੀ ਮਿਸਾਲ ਯਾਦ ਆ ਗਈ ''ਮੁਸ਼ਕ ਆਨਿਸ਼ਤ ਕਿ ਖ਼ੁਦ ਬਬੋਯਦ ਨਾ ਕਿ ਅਤਾਰ ਬਾਗੋਇਦ।'' ਇਹ ਦਾ ਭਾਵ ਇਹ ਹੈ, ਕਿ ਜੋ ਅਸਲੀ ਕਸਤੂਰੀ ਹੁੰਦੀ ਹੈ, ਉਹ ਕਾਫ਼ੀ ਦੂਰ ਪਈ ਹੋਈ ਭੀ ਆਪਣੀ ਖ਼ੁਸ਼ਬੂ ਰਾਹੀਂ ਆਪਣੀ ਪਹਿ-ਚਾਣ ਕਰਾ ਦਿੰਦੀ ਹੈ ਨਾ ਕਿ ਇਸ ਨੂੰ ਵੇਚਣ ਵਾਲਾ (ਅਤਾਰ) ਹੱਥ ਲਗਾ ਕੇ

ਗਾਹਕ ਨੂੰ ਦੱਸੇ ਕਿ ਦੇਖੋ ਜੀ 'ਇਹ ਕਸਤੂਰੀ ਹੈ।' ਜੇਕਰ ਇੰਜ ਹੱਥ ਲਾ ਕੇ ਕਸਤੂਰੀ ਨੂੰ ਪਹਿਚਾਣਿਆ ਜਾਵੇ ਤਾਂ ਫਿਰ ਇਹ ਕਸਤੂਰੀ ਸੁਵਾਹ ਦੀ ਹੋਈ !

ਰੈਹਮਤ ਇਕ ਸੁਰ ਹੈ। ਲੈਅ ਹੈ। ਤੱਰਨੁਮ ਹੈ। ਇਸ ਤੋਂ ਵੀ ਵਧੀਕ ਆਪ ਜੀ ਦਾ ਇਕ ਬੇਹਦ ਪਿਆਰਾ ਅੰਦਾਜ਼ ਹੈ, ਜੋ ਪਾਣੀ ਦੀਆਂ ਲਹਿਰਾਂ ਦੀ ਤਰ੍ਹਾਂ ਝੂਮਦਾ ਹੋਇਆ ਸਰੋਤਿਆਂ ਦੇ ਦਿਲਾਂ ਵਿਚ ਉਤਰ ਜਾਇਆ ਕਰਦਾ ਹੈ। ਫਿਰ ਇਨ੍ਹਾ ਦੀ ਇਕ ਐਸੀ ਜਾਦੂਈ (ਮੈਸਮ੍ਰੇਜ਼ਮ ਨੁਮਾ) ਆਵਾਜ਼ ਜਿਹਨੇ ਗੈਰ-ਰਾਜਨੀਤਕ ਲੋਕਾਂ ਤੋਂ ਇਲਾਵਾ ਡਾ. ਰਾਜਿੰਦਰ ਪ੍ਰਸ਼ਾਦ ਜੀ, ਪੰਡਤ ਨਹਿਰੂ ਜੀ, ਮੌਲਾਨਾ ਆਜ਼ਾਦ ਅਤੇ ਸ੍ਰੀ ਲਾਲ ਬਹਾਦਰ ਸ਼ਾਸਤਰੀ ਜਿਹੇ ਸਿਆਸੀ ਮਹਾਨ ਭਾਵਾਂ ਨੂੰ ਭੀ ਸਾਲਾਂ ਬੱਧੀ ਆਪਣੇ ਨਾਲ ਨੱਥੀ ਰੱਖਿਆ ਅਤੇ ਫ਼ੁਰਸਤ ਦੇ ਖਿਣਾਂ ਵਿਚ ਉਹਨਾਂ ਦੇ ਦਿਲ-ਦਿਮਾਗ਼ ਦੀਆਂ ਗਹਿਰਾਈਆਂ ਤਕ ਉਤਰਦਾ ਚਲਾ ਗਿਆ। ਇਹ ਹੀ ਵਜ੍ਹਾ ਸੀ ਕਿ ਪੰਡਤ ਨਹਿਰੂ ਜੀ ਖ਼ੁਦ ਆਪ ਜੀ ਨੂੰ ਸੁਣਨ ਲਈ ਹਾਜ਼ਿਰ ਹੁੰਦੇ ਸਨ। ਫਿਰ ਵਕਤ ਬੇ-ਵਕਤ ਰੈਹਮਤ ਜੀ ਨੂੰ ਆਪਣੇ ਨਿਵਾਸ ਤੇ ਬੁਲਾ ਕੇ ਦਿਲੀ-ਸਕੂਨ ਹਾਸਿਲ ਕਰਦੇ ਸਨ। ਸ੍ਵ: ਸ੍ਰੀ ਰੈਹਮਤ ਜੀ ਦਾ ਯੋਮੇ ਵਿਲਾਦਤ (ਜਨਮ) 20 ਨਵੰਬਰ 1878 ਨੂੰ ਹੋਇਆ ਅਤੇ ਆਪ ਜੀ ਨੇ 104 ਸਾਲਾ ਤਵੀਲ-ਉਮਰ ਪਾਈ ਅਤੇ ਮਾਰਚ ਸੰਨ 1983 ਨੂੰ ਅੱਲਾ ਨੂੰ ਪਿਆਰੇ ਹੋਏ। ਆਪ ਜੀ ਅਜੇ 6 ਮਹੀਨੇ ਦੇ ਹੀ ਸਨ ਕਿ ਪਿਤਾ ਕਰੀਮ ਬਖਸ਼ ਜੀ ਦਾ ਸਾਇਆ ਸਿਰੋਂ ਟਲ ਗਿਆ ਅਤੇ ਇੰਜ ਤਿੰਨ ਸਾਲ ਦੀ ਉਮਰ ਸਮੇਂ ਹੀ ਮਾਤਾ ਦੇ ਪਿਆਰ ਤੋਂ ਭੀ ਵੰਚਿਤ ਹੋ ਗਏ। ਆਪ ਜੀ ਦੀ ਪ੍ਰਵਰਿਸ਼ ਮਾਸੀਆਂ ਅਤੇ ਵੱਡੇ ਭਰਾ ਮੀਆਂ ਫਤਹਿ ਮੁਹੰਮਦ ਰਾਹੀਂ ਸ੍ਰ-ਇੰਜਾਮ ਹੋਈ। ਫ਼ਨੇ ਕੱਵਾਲੀ ਆਪ ਜੀ ਨੂੰ ਵਿਰਾਸਤ ਵਿਚ ਹੀ ਮਿਲੀ ਸੀ ਜਾਂ ਇੰਜ ਕਹਿ ਲਿਆ ਜਾਵੇ ਕਿ ਕੱਵਾਲੀ ਆਪ ਜੀ ਦਾ ਖ਼ਾਨਦਾਨੀ ਪੇਸ਼ਾ ਸੀ। ਆਪਣੇ ਵੱਡੇ ਭਾਈ ਦੇ ਇਲਾਵਾ ਬਾਬਾ ਗੁਲਾਮ ਫ਼ਰੀਦ ਜੀ ਭੀ ਇਨ੍ਹਾਂ ਦੇ ਉਸਤਾਦ ਰਹੇ। ਸਿਰਫ਼ ਪੰਦਰਾਂ ਸਾਲ ਦੀ ਉਮਰੇ ਹੀ ਆਪ ਜੀ ਨੇ ਬਾਕਾਇਦਾ ਕੱਵਾਲੀ ਗਾਣਾ ਆਰੰਭ ਕਰ ਦਿੱਤਾ। ਸਭ ਤੋਂ ਵੱਧ ਲੋਕ ਪਿਆਰ ਆਪ ਜੀ ਨੂੰ ਓਦੋਂ ਮਿਲਿਆ ਜਦੋਂ ਆਪ ਜੀ ਨੇ ਸੰਨ 1927-28 ਵਿਚ ਅਮਾਨ-ਉਲਾ ਖਾਂ ਦੇ ਦਰਬਾਰ ਵਿਚ ਅਫ਼ਗਾਨਿਸਤਾਨ ਵਿਚ ਆਪਣੀ ਕਲਾ ਦੀ ਨੁਮਾਇਸ਼ ਕੀਤੀ। ਇਸ ਤੋਂ ਬਾਅਦ ਆਪ ਜੀ ਮੁਸ-ਲਿਮ ਮੇਲਿਆਂ ਤਿਉਹਾਰਾਂ ਵਿਚ ਭੀ ਬੇਹਦ ਮਕਬੂਲ ਹੁੰਦੇ ਚਲੇ ਗਏ। ਸਨੌਰ ਵਿਚ ਸ਼ਾਹ ਆਬਦੁਲ-ਫ਼ਤਾਹ ਦੀ ਦਰਗਾਹ ਅਤੇ ਮਾਲੇਰਕੋਟਲੇ ਵਿਚ ਹਜ਼ਰਤ ਮੁਹੰਮਦ ਸ਼ਾਹ, ਫਜ਼ਲ ਸ਼ਾਹ ਦੇ ਦਰਬਾਰ ਵਿਚ ਭੀ ਆਪ ਜੀ ਬਹੁਤ ਅਵਾਮੀ-ਕਲਾਕਾਰ ਮੰਨੇ ਜਾਣ ਲੱਗ ਪਏ। ਸ੍ਰੀ ਰੈਹਮਤ ਜੀ ਦਾ ਜੱਦੀ ਪਿੰਡ ਨਵਾਂ ਸ਼ਹਿਰ ਵਿਚ ਜਾਡਲੀ ਦੇ ਲਾਗੇ ਸਿਮਬਲੀ ਹੈ। ਸਾਰੇ ਭਾਰਤ ਤੋਂ ਇਲਾਵਾ ਰੈਹਮਤ ਜੀ ਨੇ ਰੰਗੂਨ, ਪੇਸ਼ਾਵਰ, ਕਾਬੁਲ ਵਿਚ ਭੀ ਬਹੁਤ ਨਾਮ ਕਮਾਇਆ। ਰੇਡੀਓ ਸਟੇਸ਼ਨ

ਜਲੰਧਰ ਤਾਂ ਰੈਹਮਤ ਜੀ ਨੂੰ ਕਦੇ ਭੀ ਫ਼ਰਾਮੋਸ਼ ਨਹੀਂ ਕਰ ਸਕਦਾ ਕਿਉਂਕਿ ਸੰਨ 1949 ਵਿਚ ਇਨ੍ਹਾਂ ਦੀ ਆਵਾਜ਼ ਦੇ ਨਾਲ ਹੀ ਇਸ ਰੇਡੀਓ ਸਟੇਸ਼ਨ ਦਾ ਸ੍ਰੀ ਗਨੇਸ਼ ਹੋਇਆ ਸੀ। ਉਸ ਸਮੇਂ ਸ੍ਰੀ ਕਰਤਾਰ ਸਿੰਘ ਜੀ ਦੁੱਗਲ, ਪ੍ਰਕਾਸ਼ ਚੌਧਰੀ ਜੀ ਅਤੇ ਪੀ. ਕੇ. ਮੁਖਰਜੀ ਵਰਗੇ ਪਤਵੰਤੇ ਲੋਕਾਂ ਨੇ ਜਦ ਰੈਹਮਤ ਜੀ ਨੂੰ ਸਰਵਣ ਕੀਤਾ ਤਾ ਬੇ-ਇਖ਼ਤਿਆਰ ਵਾਹ ਵਾਹ ਕਰ ਉਠੇ।

30 ਨਵੰਬਰ 1981 ਨੂੰ ਪੰਜਾਬ ਕਲਾ ਪ੍ਰੀਸ਼ਦ ਨੇ ਰੈਹਮਤ ਸਾਹਿਬ ਨੂੰ ਕੱਵਾਲੀ ਦੇ ਮੈਦਾਨ ਵਿਚ ਭਰਪੂਰ ਯੋਗਦਾਨ ਲਈ 3100 ਰੁਪਏ ਕੈਸ਼ ਅਤੇ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਭਲੇ ਹੀ ਸ੍ਰੀ ਰੈਹਮਤ ਜੀ ਸਰੀਰਕ ਤੌਰ ਤੇ ਅਜ ਸਾਡੇ ਦਰਮਿਆਨ ਨਹੀਂ ਰਹੇ ਲੇਕਿਨ ਫ਼ਨੇ-ਕੱਵਾਲੀ ਨੂੰ ਜ਼ਿੰਦਾ ਰੱਖਣ ਲਈ ਇਨ੍ਹਾਂ ਦੇ ਚਾਰੇ ਬੇਟੇ ਇਰਸ਼ਾਦ ਰੈਹਮਤ ਕੱਵਾਲ ਐਂਡ ਪਾਰਟੀ ਦੇ ਨਾਮ ਤੇ ਇਸੇ ਪਰੰਪਰਾ ਨੂੰ ਬਾਖੂਮੀ ਨਿਭਾ ਰਹੇ ਹਨ ਅਤੇ ਭਾਰਤ ਦੇ ਸਿਰ-ਕੱਢ (ਸ੍ਰੀ ਫਹਿਰਿਹਤ) ਕੱਵਾਲਾਂ ਵਿਚੋਂ ਇਕ ਹਨ। ਰੈਹਮਤ ਜੀ ਦੇ ਪੋਤੇ ਸਲੀਮ ਇਕਬਾਲ ਅਤੇ ਮੁਹੰਮਦ ਅਨਵਰ ਖ਼ਾ ਰੇਡੀਓ ਸਟੇਸ਼ਨ ਅਤੇ ਟੀ. ਵੀ. ਤੇ ਗਜ਼ਲ ਦੇ ਬਾਦਸ਼ਾਹ ਮੰਨੇ ਜਾਂਦੇ ਹਨ। ਸਿਆਣੇ ਕਹਿੰਦੇ ਹਨ ਕਿ "ਆਵਾਜ਼ ਕਦੇ ਮਰਦੀ ਨਹੀਂ। ਆਵਾਜ਼ ਹਮੇਸ਼ਾਂ ਹਵਾ ਵਿਚ ਤਰਦੀ ਰਹਿੰਦੀ ਹੈ।" ਅੱਜ ਭੀ ਕਦੇ ਕਿਸੇ ਰੇਡੀਓ ਸਟੇਸ਼ਨ ਤੋਂ ਜੰਨਤ-ਨਸੀਬ ਸ੍ਰੀ ਰੈਹਮਤ ਜੀ ਦੀ ਆਵਾਜ਼ ਜੇਕਰ ਗੂੰਜੇ ਤਾਂ ਉਨ੍ਹਾਂ ਦੇ ਅਮਰ ਹੋਣ ਦਾ ਅਹਿਸਾਸ ਦਿਵਾ ਜਾਂਦੀ ਹੈ।

ਵਾਜ਼ਹ ਰਹੇ ਕਿ ਪਿਛਲੇ ਅੰਕ ਨੰ. 5 ਸਫਾ 23 ਤੇ ਜੋ ਦਾਸ ਨੇ ਅਰਜ਼ ਕੀਤੀ ਸੀ ਕਿ ਸਾਰੇ ਵੱਡੇ ਨੌ-ਦਸ ਦੇ ਕੱਵਾਲ ਗਰੁੱਪ ਵਿਚ ਅਸਲ ਫ਼ਨਕਾਰ ਚਾਰ ਪੰਜ ਹੀ ਹੁੰਦੇ ਹਨ, ਲੇਕਿਨ ਉਹ ਵੀ ਆਪਣੇ ਇੰਚਾਰਜ ਜਾਂ ਜਥੇਦਾਰ ਦੇ ਮੁਕਾਬਲੇ ਦਰਜਾ ਦੋਇਮ ਹੀ ਅਕਸਰ ਹੁੰਦੇ ਹਨ। ਇਸੇ ਅੰਕ ਨੰ: 5 ਦੇ ਸਫਾ 24 ਤੇ ਦਾਸ ਨੇ ਗਲਤੀ ਨਾਲ ਹਜ਼ਰਤ ਅਮੀਰ ਖੁਸਰੋ ਆਰ. ਏ. ਦੀ ਯੋਗਿ-ਵਫਾਤ 1331 ਦੱਸੀ ਸੀ। ਦਰਅਸਲ ਆਪ ਜੀ ਤਰੀਖ 13 ਮਈ ਸੰਨ 1305 ਨੂੰ ਜੰਨਤ-ਨਸੀਬ ਹੋਏ ਸਨ। ਗਲਤੀ ਵਜੋਂ ਖਿਮਾ।

ਦਾਸ ਸ੍ਰੀ ਰੈਹਮਤ ਜੀ ਨੂੰ ਰੂਬਰੂ ਘੱਟ ਹੀ ਸੁਣ ਸਕਿਆ ਹੈ। ਹਾਂ ਆਪ ਜੀ ਦੇ ਦੌਲਤਖ਼ਾਨੇ ਮਾਲੇਰਕੋਟਲੇ ਵਿਚ ਆਪ ਜੀ ਦੇ ਦੋ ਵਾਰ ਰੂਬਰੂ ਪਿਛਲੇ ਸਾਲਾਂ ਵਿਚ ਦਰਸ਼ਨ ਜ਼ਰੂਰ ਕੀਤੇ ਸਨ। ਆਪ ਜੀ ਦੇ ਫ਼ਰਜ਼ੰਦ ਸ੍ਰੀ ਇਰਸ਼ਾਦ ਐਹਮਦ ਕੱਵਾਲ ਐਂਡ ਪਾਰਟੀ ਨੂੰ ਤਾਂ ਦਾਸ ਪਿਛਲੇ ਕਈ ਸਾਲਾਂ ਤੋਂ ਹੁਣ ਤਕ ਅਨੇਕਾਂ ਵਾਰ ਸੁਣ ਸਕਿਆ ਹੈ। ਇਕ ਗੱਲ ਹੈ ਕਿ ਸੁਗਮ ਗਾਇਕੀ ਦਾ ਜੋ ਰਸ ਸਵਾਦ ਆਨੰਦ ਸ੍ਰੀ ਰੈਹਮਤ ਜੀ ਦੇ ਵੱਡੇ ਸਾਹਿਬਜ਼ਾਦੇ ਸ੍ਰੀ ਮੁਹੰਮਦ ਇਕਬਾਲ ਤੋਂ ਆਉਂਦਾ ਹੈ, ਅਜਿਹਾ ਦਾਸ ਨੇ ਕਿਸੇ ਦੂਸਰੇ ਗਾਇਕ ਕਲਾਕਾਰ ਤੋਂ ਘੱਟ

ਹਾ ਸੁਣਿਆ ਹੈ। ਕਿਹਾ ਜਾਂਦਾ ਹੈ ਕਿ ਇਲਮ ਹੁਨਰ ਦੀ ਭੀ ਕੋਈ ਹੱਦ ਨਹੀਂ ਹੁੰਦੀ। ਬਕੌਲ ਅਲਾਮਾ-ਇਕਬਾਲ ਕਿ 'ਸਿਤਾਰੋਂ ਕੇ ਆਗੇ ਜਹਾਂ ਔਰ ਭੀ ਹੈ।' ਮੇਰੇ ਇਕ ਖ਼ਾਸ ਮਿੱਤਰ ਜੋ ਕਿ ਖ਼ੁਦ ਰੇਡੀਓ ਅਤੇ ਟੀ ਵੀ. ਵਿਚ ਚੰਗੇ ਸੁਰੀਲੇ ਗਾਇਕ ਭੀ ਹਨ, ਪਿਛਲੇ ਮਹੀਨਿਆਂ ਵਿਚ ਉਨ੍ਹਾਂ ਮੈਨੂੰ ਆਪਣੇ ਘਰ ਵਿਚ ਇਕ ਇਸਲਾਮ ਕੱਵਾਲੀ ਰੀਕਾਰਡ ਕੀਤੀ ਹੋਈ ਸਰਵਣ ਕਰਵਾਈ, ਜੋ ਕਿ ਦੌਰੇ-ਹਾਜ਼ਿਰ ਦੇ ਅਜ਼ੀਮ ਨੰਬਰ ਵੰਨ ਕੱਵਾਲ ਸ੍ਰੀ ਨੁਸਰਤ ਫਤਹਿ ਅਲੀ ਕੱਵਾਲ ਦੀ ਗਾਈ ਹੋਈ ਸੀ, ਜਿਸ ਵਿਚ ਉਨ੍ਹਾਂ ਸ੍ਰਗਮ ਦੀ ਭਰਪੂਰ ਗਾਇਕੀ ਕੀਤੀ ਸੀ। ਕਿਆ ਕਹਿਣੇ ਇਨ੍ਹਾਂ ਦੀ ਸਰਗਮ ਗਾਇਕੀ ਦੇ। ਇਨ੍ਹਾਂ ਤਾਂ ਹੱਦ ਦੀ ਹੱਦ ਹੀ ਕਰ ਰੱਖੀ ਹੈ। ਦਾਸ ਦੇ ਦਿਲੋਂ ਮਨੋਂ ਹੁਣ ਇੰਜ ਆਵਾਜ਼ ਆਉਣ ਲੱਗੀ ਹੈ ਕਿ ਸਰਗਮ ਵਿਚ ਸ੍ਰੀ ਨੁਸਰਤ ਫ਼ਤਹਿ ਅਲੀ ਨੇ ਸ੍ਰੀ ਮੁਹੰਮਦ ਇਕਬਾਲ ਕੱਵਾਲ ਨੂੰ Replace ਕਰ ਦਿੱਤਾ ਹੈ। This is without prejudice. ਦਾਸ ਕਦੇ ਕਦੇ ਪ੍ਰੇਮ-ਪਿਆਰ ਵਜੋਂ ਯਾ ਕਿਸੇ ਕੰਮ ਸੰਬੰਧੀ ਉਪਰੋਕਤ ਮਿੱਤਰ ਦੇ ਘਰ ਹੁਣ ਜਾਂਦਾ ਹੈ ਤਾਂ ਉਹੀ ਰੀਕਾਰਡ ਸ਼ੁਦਾ ਕੱਵਾਲੀ ਮਹਿਜ਼ ਸ੍ਰਗਮ ਸੁਣਨ ਦੀ ਖ਼ਾਤਰ ਜ਼ਰੂਰ ਹੀ ਸੁਣਦਾ ਹੈ। ਇਨ੍ਹਾਂ ਤੋਂ ਇਲਾਵਾ ਮੌਜੂਦਾ ਦੌਰ ਦੀ ਇਕ ਹੋਰ ਮਾਲੇਰਕੋਟੀ ਕੱਵਾਲ-ਪਾਰਟੀ ਸ੍ਰੀ ਮੁਹੰਮਦ ਸ਼੍ਰੀਫ ਦੀ ਹੈ। ਇਹ ਭੀ ਚੰਗਾ ਖਾਸਾ ਰੰਗ ਬੰਨ੍ਹ ਦਿੰਦੇ ਹਨ। ਇਕ ਹੋਰ ਪਾਰਟੀ ਮਾਲੇਰਕੋਟਲੇ ਦੀ ਹੀ ਸ੍ਰੀ ਮੁਹੰਮਦ ਤਕੀਆ ਦੀ ਹੈ। ਇਹਨਾਂ ਤੋਂ ਇਲਾਵਾ ਮਾਲੇਰਕੋਟਲੇ ਸਾਈਡ ਵੱਲ ਕਈ ਇਕ ਹੋਰ ਆਮ ਕੱਵਾਲੀ ਪਾਰਟੀਆਂ ਭੀ ਸੁਣੀਆਂ ਜਾਂਦੀਆਂ ਹਨ। ਆਗਰਾ ਘਰਾਣੇ ਦੀ ਇਕ ਮਸ਼ਹੂਰ ਅਤੇ ਮਿਸਾਲੀ ਲੇਡੀ ਕੱਵਾਲ ਸ੍ਰੀ ਮਤੀ ਅਨੀਸਾ ਸਾਬਰੀ ਹੈ। ਪ੍ਰਭੂ ਨੇ ਇਸ ਨੂੰ ਅਜ਼ੀਬ ਜਿਹੀ ਦਿਲ-ਖਿਚਵੀਂ ਆਵਾਜ਼ ਬਖ਼ਸ਼ੀ ਹੈ। ਇਸ ਦੀ ਗਾਇਕੀ ਭੀ ਬੇਹਦ ਰਸ ਭਰਪੂਰ ਹੁੰਦੀ ਹੈ। ਪਰ ਅਫਸੋਸ ਹੈ ਕਿ ਇਸ ਦੇ ਸਾਥੀ ਸਿਰਫ਼ ਨਾਲ ਸਾਜ਼ ਹੀ ਵਜਾਉਂਦੇ ਹਨ। ਉਂਜ ਗਾਇਕੀ ਵਿਚ ਮਾਸਾ ਭਰ ਭੀ ਮਦਦ ਨਹੀ ਕਰਦੇ। ਆਵਾਜ਼ ਤਕ ਨਹੀਂ ਲਗਾਉਂਦੇ। ਕਾਸ਼ ਇਨ੍ਹਾਂ ਦੇ ਸਾਥੀ ਥੋੜ੍ਹੀ ਭੀ ਇਨ੍ਹਾਂ ਨਾਲ ਗਾਇਕੀ ਦੀ ਮਦਦ ਕਰਨ ਤਾਂ ਇਨ੍ਹਾਂ ਦੀ ਫ਼ਨਕਾਰੀ ਹੋਰ ਬੇਹਤਰ ਤੋਂ ਬੇਹਤਰ ਭਾਸਣ ਲੱਗੇ। ਦੌਲਤ ਨਗਰ ਬੋਰੀਵਲੀ (ਬੰਬੇ) ਦੇ ਸ੍ਰ: ਸ਼ੰਕਰ ਸ਼ੰਭੂ ਕੱਵਾਲ ਭੀ ਚੰਗਾ ਸਮਾਂ ਨਿਭਾ ਰਹੇ ਹਨ।

ਆਲ ਇੰਡੀਆ ਰੇਡੀਓ ਉਰਦੂ ਸਰਵਿਸ ਤੋਂ ਅਕਸਰ ਗਾਹੇ ਬਗਾਹੇ ਇਕ ਸ੍ਰੀ ਮੁਹੰਮਦ ਸਯਦ ਸਾਬਰੀ ਕੱਵਾਲ ਹਮਨੁਵਾ ਕੱਵਾਲੀ ਪ੍ਰੋਗਰਾਮ ਪੇਸ਼ ਕਰਦੇ ਰਹਿੰਦੇ ਹਨ। ਸਾਥੀ ਭੀ ਵਿਚ ਭਰਪੂਰ ਗਾਇਕੀ ਪੇਸ਼ ਕਰਦੇ ਹਨ। ਤਬੀਅਤ ਮੁਅਤਿਰ ਹੋ ਜਾਂਦੀ ਹੈ। ਕਈ ਲੋਕ ਸ੍ਰੀ ਹਬੀਬ ਪੇਂਟਰ ਕੱਵਾਲ ਦੀ ਫ਼ਨਕਾਰੀ ਭੀ ਪਸੰਦ ਕਰਦੇ ਹਨ। ਪਰ ਆਪ ਜੀ ਅਕਸਰ ਇਕ ਤਾਂ ਆਪਣੀ ਬਣਾਈ ਸ਼ਾਇਰੀ ਹੀ ਵਿਚ ਪੇਸ਼ ਕਰਦੇ ਹਨ ਅਤੇ ਦੂਜੇ ਜਦ ਗਿਰਹ ਲਗਾਉਂਦੇ

ਹਨ ਤਾਂ ਗਾਇਕੀ ਦਾ ਦਾਮਨ ਛੱਡ ਕੇ ਫਿਰ ਕਥਾ ਵਾਚਕ ਹੀ ਬਣ ਜਾਂਦੇ ਹਨ। ਇਸ ਢੰਗ ਇਹ ਕੱਵਾਲ ਕਲਾਕਾਰੀ ਤੋਂ ਕਾਫੀ ਦੂਰ ਹਟ ਜਾਂਦੇ ਹਨ। ਇਕ ਹੋਰ ਕੱਵਾਲ ਸੱਜਣ ਦਿੱਲੀ ਰੇਡੀਓ ਤੋਂ ਅਕਸਰ ਪ੍ਰੋਗਰਾਮ ਦਿੰਦੇ ਰਹਿੰਦੇ ਹਨ, ਜਿਨ੍ਹਾਂ ਦਾ ਸ਼ੁਭ ਨਾਮ ਮੁਹੰਮਦ ਹਯਾਤ ਖਾਂ ਹੈ। ਇਨ੍ਹਾਂ ਦੀ ਗਾਇਕੀ ਬੜੀ ਖੁਸ਼ਕ ਜਿਹੀ ਹੁੰਦੀ ਹੈ ਅਤੇ ਕੰਨ ਉਤਾਵਲੇ ਕਰ ਦਿੰਦੀ ਹੈ। ਫੌਰਨ ਬੋਰਿੰਗ ਸ਼ੁਰੂ ਹੋ ਜਾਂਦੀ ਹੈ। ਮੌਜੂਦਾ ਦੌਰ ਦੇ ਪਾਕਿਸਤਾਨੀ ਸੀਨੀਅਰ ਅਤੇ ਉੱਘੇ ਉੱਘੇ ਉਸਤਾਦ ਟਾਈਪ ਕੱਵਾਲ ਕੁਝ ਇਸ ਪ੍ਰਕਾਰ ਹਨ :—

ੲ ਵੰਨ ਕੱਵਾਲ ਨੁਸਰਤ ਫ਼ਤਹਿ ਅਲੀ-ਮੁਜਾਹਿਦ ਮੁਬਾਰਕ ਅਲੀ ਕੱਵਾਲ ਐਂਡ ਪਾਰਟੀ। ਆਗਾ ਬਸ਼ੀਰ ਕੱਵਾਲ ਐਂਡ ਪਾਰਟੀ ਸ੍ਰੀ ਗ਼ੁਲਾਮ ਮੁਹੰਮਦ ਅਲੀ ਫ਼ਰੀਦੀ ਕੱਵਾਲ ਐਂਡ ਪਾਰਟੀ। ਸ੍ਰੀ ਗੁਲਾਮ ਫਰੀਦ ਸਾਬਰੀ ਕੱਵਾਲ ਐਂਡ ਪਾਰਟੀ। ਸ੍ਰੀ ਸੰਤੂ ਖ਼ਾਂ ਮਨਜ਼ੂਰ ਹੁਸੈਨ ਕੱਵਾਲ ਐਂਡ ਪਾਰਟੀ। ਹਾਫਿਜ਼ ਅੱਤਾ ਮੁਹੰਮਦ ਕੱਵਾਲ ਐਂਡ ਪਾਰਟੀ (ਆਪ ਜੀ ਦੀ ਮਿਲਤ ਬਹੁਤ ਪ੍ਰਭਾਵਸ਼ਾਲੀ ਹੈ) ਸ੍ਰੀ ਬਹਾਉਦੀਨ ਮਟਕੇ ਵਾਲੇ ਕੱਵਾਲ ਐਂਡ ਪਾਰਟੀ। ਇਹਨਾਂ ਤੋਂ ਇਲਾਵਾ ਹੋਰ ਕਈ ਦਰਜਨਾਂ ਪਾਕਿਸਤਾਨੀ ਕੱਵਾਲ ਹਨ। ਇਹ ਉਪਰੋਕਤ ਜੋ ਹਿੰਦ ਅਤੇ ਪਾਕ ਕੱਵਾਲਾਂ ਦੇ ਨਾਮ ਦਾਸ ਨੇ ਅਰਜ਼ ਕੀਤੇ ਹਨ, ਇਹ ਉਹਨਾਂ ਕੱਵਾਲ ਭਾਈਆਂ ਦੇ ਹੀ ਹਨ ਜੋ ਕਿ ਅਕਸਰ ਤਬੀ ਹਮਦੋ-ਸਨਾ ਅਕੀਦਤ ਬ੍ਰਾਏ ਰਸੂਲੇ-ਪਾਕ (ਦੀਨੀਅਤਾਂ) ਯਾ ਪੀਰਾਂ ਫਕੀਰਾਂ ਸ਼ਹੀਦਾਂ ਯਾ ਪੀਰਾਂ ਜੰਨਤ-ਨਸੀਬ ਬਜ਼ੁਰਗਾਂ ਦੀਆਂ ਦਰਗਾਹਾਂ ਚੌਕਠਾਂ ਤੇ ਮਰਸੀਆ-ਕਲਾਮ ਦੀ ਗਾਇਕੀ ਪੇਸ਼ ਕਰਦੇ ਹਨ। ਉਪਰੰਤ ਜੋ ਆਰਫ਼ਾਨਾ ਸੂਫ਼ੀਯਾਨਾ ਕਲਾਮ ਕਾਫ਼ੀਆਂ ਵ ਕਲਾਮੇ-ਖਵਾਜਾ ਗੁਲਾਮ ਫ਼ਰੀਦ ਹਜ਼ਰਤ ਅਮੀਰ ਖੁਸਰੋ ਆਰ ਏ, ਬੁੱਲ੍ਹੇ ਸ਼ਾਹ, ਸ਼ਾਹ ਹੁਸੈਨ, ਸੁਲਤਾਨ ਬਾਹੂ, ਮੁਹੰਮਦ ਇਕਬਾਲ ਬਾਹੂ, ਵਾਰਿਸ ਸ਼ਾਹ ਆਦਿ ਦੀ ਕਲਾਮ ਕੱਵਾਲੀ ਦੇ ਅੰਦਾਜ਼ ਵਿਚ ਪੇਸ਼ ਕਰਦੇ ਹਨ ਯਾ ਕਦੇ ਕਦੇ Rare ਕੋਈ ਸ਼ਬਦ ਭਜਨ ਭੀ ਗਾ-ਵਜਾ ਸੁਣਾਉਂਦੇ ਹਨ। ਸ਼ਮੀਮ ਜੈ ਪੁਰੀ ਵਰਗੇ ਯਾ ਕਈ ਇਕ ਹੋਰ Sincere ਦਾਨਿਸ਼ਮੰਦ ਸ਼ਾਇਰਾਂ ਦਾ ਕਲਾਮ ਭੀ Put up ਕਰ ਦੇਂਦੇ ਹਨ। ਮੇਰੇ ਖ਼ਾਸ ਦੋਸਤ ਸ੍ਰੀ ਮੁਹੰਮਦ ਸ਼੍ਰੀਫ ਮਾਲੇਰਕੋਟਲੀ ਕੱਵਾਲ ਨੇ ਅੰਮ੍ਰਿਤਸਰ ਵਿਚ ਇਕ ਵਾਰ ਹੇਠ ਲਿਖੇ ਸ਼ੇਅਰ Put up ਕੀਤੇ ਕਿ

ਮੇਰੀ ਕਦਰ ਕਰ ਖ਼ੁਦਾਯਾ ਮੈਂ ਨੇ ਤੁਝੇ ਖੁਦਾ ਬਨਾਯਾ।
ਤੁਝੇ ਕੌਨ ਪੂਛਤਾ ਥਾ ? ਮੇਰੀ ਬੰਦਗੀ ਸੇ ਪੈਹਲੇ।

ਸ਼ਾਇਰ ਨੇ ਪ੍ਰਭੂ ਪ੍ਰਮੇਸ਼ਰ ਨਾਲ ਕਿਤਨੀ ਅਪਣੱਤ ਸ਼ੋ ਕੀਤੀ ਹੈ। ਜਿਵੇਂ ਬਾਪ ਨਾਲ ਮਾਸੂਮ ਬੱਚਾ ਲਹਿਰ ਵਿਚ ਜੋ ਜੀ ਆਏ ਕਹਿ ਬੋਲ ਉਠਦਾ ਹੈ। ਦੂਜੇ ਪਾਸੇ ਸ਼ਰ੍ਹਾ ਦੇ ਲਿਹਾਜ਼ ਨਾਲ ਇਹ ਉਪਰੋਕਤ ਸ਼ੇਅਰ ਭਾਵੇਂ ਕੁਫਰ ਦੇ ਜ਼ੁਮਰੇ ਵਿਚ ਹੀ ਆਉਂਦਾ ਹੋਵੇ।

ਇਹਨਾਂ ਕੱਵਾਲ ਸੱਜਣਾਂ ਤੋਂ ਇਲਾਵਾ ਸਾਡੇ ਦੇਸ਼ ਦੇ ਕਈ ਇਕ ਨਾਮੀ ਫ਼ਿਲਮੀ ਕੱਵਾਲ ਭੀ ਹਨ, ਜੋ ਕਿ ਅਕਸਰ ਬੰਬੇ ਸਾਈਡ ਵੱਲ ਹੀ ਜ਼ਿਆਦਾ ਰਹਿੰਦੇ ਅਤੇ ਗਾਉਂਦੇ ਵਜਾਉਂਦੇ ਹਨ। ਮਸਲਨ ਸ੍ਰੀ ਯੂਸਫ਼ ਆਜ਼ਾਦ (ਅਸਲੀ) ਸ੍ਰੀ ਮਜੀਦ ਸ਼ੋਅਲਾ ਸ੍ਰੀ ਜਾਨੀ ਬਾਬੂ, ਸ੍ਰੀ ਅਜੀਜ਼ ਨਾਜਾ ਰਸ਼ੀਦਾ ਖਾਤੂਨ, ਸ੍ਰੀਮਤੀ ਸ਼ਮੀਮ ਬਾਨੂ ਇਤਿਆਦਿਕਾ। ਲੇਕਿਨ ਇਹ ਕੱਵਾਲ ਸੱਜਣ ਅਕਸਰ ਮਜ਼ਾਹੀਆ ਅਤੇ ਕਈ ਵਾਰ ਫਹਿਸ਼ ਕਲਾਮ ਹੀ ਪੇਸ਼ ਕਰਦੇ ਹਨ ਅਤੇ ਕੱਵਾਲੀ ਦੇ ਗਾਇਕੀ ਪੱਖ ਤੋਂ ਅਕਸਰ ਕਾਫ਼ੀ ਦੂਰ ਹੀ ਰਹਿੰਦੇ ਹਨ। ਫਿਰ ਜੈਸੇ ਇਹ ਸੱਜਣ ਗਾਉਣ ਵਜਾਉਣ ਵਾਲੇ ਉਹੋ ਜਿਹੇ ਹੀ ਇਹਨਾਂ ਦੇ ਸਰੋਤੇ (ਸੁਣਨ ਵਾਲੇ) ਦਾਸ ਵਰਗੇ ਬੰਦਿਆਂ ਦੇ ਕੰਨ ਤਾਂ ਇਹਨਾਂ ਦੀ ਪੰਜ-ਦਸ ਮਿੰਟ ਦੀ ਗਾਇਕੀ ਦੀ ਝਾਲ ਭੀ ਨਹੀਂ ਝੱਲ ਸਕਦੇ। ਅਜਿਹੀ ਮਹਿਫ਼ਿਲ ਵਿੱਚੋਂ ਫ਼ੌਰਨ ਅਸ਼ਾਂਤ ਅਤੇ ਬੋਰ ਹੋ ਕੇ ਬਾਹਰ ਉਠ ਤੁਰਦੇ ਹਨ। ਬਾਕੀ ਫੇਰ ਰੱਬ ਰਾਖਾ। ਅਗਲਾ ਮਜ਼ਮੂਨ, ਆਸ ਹੈ ਦਾਸ ਕੁਝ ਆਪਣੇ (ਸ਼ਬਦ ਗਾਇਕ) ਖ਼ਾਸ ਖ਼ਾਸ ਰਾਗੀ ਸੱਜਣਾਂ ਬਾਰੇ ਪੇਸ਼ ਕਰੇਗਾ। ਸਭ ਪਾਠਕ ਸੱਜਣਾਂ ਦਾ ਅਤਿਅੰਤ ਧੰਨਵਾਦ।


ਕਟੜਾ ਦਲ ਸਿੰਘ
46-V-I
ਅੰਮ੍ਰਿਤਸਰ


—0—

# ਕਿਵ ਕੂੜੈ ਤੁਟੈ ਪਾਲਿ

ਪ੍ਰਿੰ. ਸਾਹਿਬ ਸਿੰਘ

ਜੂਨ 1991 ਅੰਕ ਤੋਂ ਅੱਗੇ

ਗੁਰੂ ਆਪਣੀ ਬਾਣੀ ਦੀ ਰਾਹੀਂ ਮਨੁੱਖ ਨੂੰ ਪਰਮਾਤਮਾ ਦੇ ਗੁਣ ਗਾਣ ਵਿਚ ਜੋੜਦਾ ਹੈ, ਸਿਫ਼ਤਿ ਸਾਲਾਹ ਵਿਚ ਟਿਕਾਂਦਾ ਹੈ। ਇਸ ਸਿਫ਼ਤਿ ਸਾਲਾਹ ਨੂੰ ਧਿਆਨ ਨਾਲ ਸੁਣਨਾ ਹੀ ਪਰਮਾਤਮਾ ਵਿਚ ਸਮਾਧੀ ਲਾਣੀ ਹੈ। ਜਿਉਂ ਜਿਉਂ ਮਨੁੱਖ ਗੁਰੂ ਦੀ ਬਾਣੀ ਦੀ ਰਾਹੀਂ ਸਿਰਜਣਹਾਰ ਕਰਤਾਰ ਵਿਚ ਜੁੜਦਾ ਹੈ, ਤਿਉਂ ਤਿਉਂ ਮਨੁੱਖ ਦੇ ਅੰਦਰ ਭਲੇ ਸੰਸਕਾਰ ਜਾਗ ਕੇ ਤਕੜੇ ਹੁੰਦੇ ਹਨ ਤੇ ਮੰਦੇ ਸੰਸਕਾਰ ਕਮਜ਼ੋਰ ਹੋ ਕੇ ਮਿਟਣੇ ਸ਼ੁਰੂ ਹੋ ਜਾਂਦੇ ਹਨ। ਇਸੇ ਦਾ ਨਾਮ ਹੈ 'ਮਨ ਨੂੰ ਮਾਰਨਾ,' 'ਆਪਾ-ਭਾਵ ਮਿਟਾਣਾ,' 'ਗੁਰੂ ਦੀ ਸਰਨ ਪੈਣਾ'

## ਗੁਰੂ ਮਿਲਦਾ ਹੈ ਪ੍ਰਭੂ ਦੀ ਮਿਹਰ ਨਾਲ

ਮਨੁੱਖ ਦੇ ਆਪਣੇ ਵੱਸ ਦੀ ਗੱਲ ਨਹੀਂ ਕਿ ਆਪਣੇ ਆਪ ਨੂੰ ਸਹੀ ਜੀਵਨ-ਰਸਤੇ ਉਤੇ ਤੋਰ ਸਕੇ। ਆਪ ਤਾਂ ਇਹ ਆਪਣੇ ਸਰੀਰ ਨਾਲ, ਧਨ-ਪਦਾਰਥ ਨਾਲ, ਮਾਇਆ ਦੇ ਮੋਹ ਨਾਲ ਇਕ-ਮਿਕ ਹੋਇਆ ਰਹਿੰਦਾ ਹੈ, ਮਨ ਦੇ ਮਾਇਕ ਸੰਸਕਾਰਾਂ ਦੇ ਹੇਠ ਨੱਪਿਆ ਰਹਿੰਦਾ ਹੈ। ਤੇ ਉਹ ਸੰਸਕਾਰ ਇਸ ਨੂੰ ਸਦਾ ਮਿੱਠੇ ਲੱਗਣੇ ਹੋਏ। ਮਾਇਆ ਹੋਈ ਹੀ ਮਿੱਠੀ ਗੁੜ ਵਰਗੀ। ਆਪਣੇ ਇਸ ਮਿੱਠੇ ਆਪੇ ਨੂੰ ਇਹ ਕਿਵੇਂ ਮਾਰੇ ? ਮਾਰਨ ਦਾ ਖਿਆਲ ਹੀ ਕਿਵੇਂ ਆਵੇ ?

ਸੋ ਪ੍ਰਭੂ ਮਿਹਰ ਕਰਦਾ ਹੈ, ਜੀਵ ਨੂੰ ਗੁਰੂ ਮਿਲਾਂਦਾ ਹੈ। ਜਿਸ ਦੇ ਭਾਗ ਜਾਗਦੇ ਹਨ, ਉਹ ਮਾਇਆ ਦੇ ਮੋਹ ਦੀ ਨੀਂਦ ਵਿਚੋਂ ਸੁਚੇਤ ਹੁੰਦਾ ਹੈ। ਉਸ ਨੂੰ ਸਮਝ ਆਉਂਦੀ ਹੈ ਕਿ ਇਸ ਚੰਦ-ਰੋਜ਼ਾ ਜੀਵਨ ਦੀ ਖ਼ਾਤਰ ਗ਼ਲਤ ਤਰੀਕਿਆਂ ਨਾਲ ਧਨ-ਪਦਾਰਥ ਨਹੀਂ ਕਮਾਣਾ, ਇਹ ਧਨ-ਪਦਾਰਥ ਸਦਾ-ਦਾ ਸਾਥੀ ਨਹੀਂ ਹੈ। ਅਸਲ ਸਾਥੀ ਹੈ ਸਿਰਜਣਹਾਰ, ਜੋ ਮੇਰੇ ਅੰਦਰ ਵੱਸ ਰਿਹਾ ਹੈ, ਜੋ ਸਭਨਾਂ ਵਿਚ ਵੱਸ ਰਿਹਾ ਹੈ ; ਜੋ ਜਗਤ ਦੇ ਜ਼ੱਰੇ-ਜ਼ੱਰੇ ਵਿਚ ਵੱਸ ਰਿਹਾ ਹੈ। ਬੱਸ ! ਜਿਉਂ ਜਿਉਂ ਪ੍ਰਭੂ ਦੀ ਯਾਦ ਵਿਚ ਚੁੱਭੀ ਲਾਂਦਾ ਹੈ, ਮਨੁੱਖ ਦਾ ਜੀਵਨ ਪਲਟਦਾ ਜਾਂਦਾ ਹੈ, ਮਨੁੱਖ ਦੀ ਕਿਰਤ-ਕਾਰ ਸੁਚੱਜੀ ਹੁੰਦੀ ਜਾਂਦੀ ਹੈ ?

## ਗੁਰੂ ਕੌਣ ਹੈ ?

ਸਰੀਰਕ ਤੌਰ ਤੇ ਸਦਾ ਇਥੇ ਕਿਸੇ ਨੇ ਟਿਕੇ ਨਹੀਂ ਰਹਿਣਾ। ਕੁਦਰਤ ਦੇ ਨਿਯਮਾਂ ਅਨੁਸਾਰ ਜਗਤ ਰਚਨਾ ਦੇ ਸਮੇਂ ਤੋਂ ਹੀ ਮਨੁੱਖ ਦੀ ਮਾਨਸਕ ਬਣਤਰ ਦੇ ਨਿਯਮ ਅਟੱਲ ਤੁਰੇ ਆ ਰਹੇ ਹਨ। ਇਹ ਨਿਯਮ ਸਦਾ ਲਈ ਅਟੱਲ ਤੁਰਿਆ ਆ ਰਿਹਾ ਹੈ ਕਿ ਜ਼ਿੰਦਗੀ ਦੇ ਦਰਿਆ, ਪਰਮਾਤਮਾ ਵਿਚ ਜੁੜੇ ਰਿਹਾਂ ਹੀ ਸੁੱਚਾ ਜੀਵਨ ਹਾਸਲ ਹੋ ਸਕਦਾ ਹੈ। ਗੁਰੂ ਨੇ ਇਹ ਸਾਰੇ ਨਿਯਮ ਆਪਣੀ ਬਾਣੀ ਵਿਚ ਸਮਝਾ ਦਿੱਤੇ ਹਨ। ਸੋ ਇਹ ਬਾਣੀ ਸਦਾ ਲਈ ਮਨੁੱਖ ਦੇ ਸਹੀ ਜੀਵਨ ਦੀ ਅਗਵਾਈ ਕਰਦੀ ਰਹੀ ਹੈ, ਕਰਦੀ ਰਹੇਗੀ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਨੂੰ ਧਿਆਨ ਨਾਲ ਪੜ੍ਹ ਕੇ ਵੇਖੋ। ਸ਼ੁਰੂ ਤੋਂ ਲੈ ਕੇ

ਅਖੀਰ ਤਕ ਇਸੇ ਖਿਆਲ ਦੀ ਹੀ ਵਿਆਖਿਆ ਹੈ ਕਿ 'ਕਿਵ ਕੂੜੈ ਤੂਟੈ ਪਾਲਿ'। ਗੁਰੂ ਬਾਣੀ ਹੈ ਅਤੇ ਬਾਣੀ ਹੀ ਗੁਰੂ ਹੈ, ਸਦਾ-ਥਿਰ ਗੁਰੂ ਹੈ। ਗੁਰੂ ਦਾ ਸਰੀਰਕ ਇਤਿਹਾਸ ਮਨੁੱਖ ਦੀ ਅਗਵਾਈ ਲਈ ਪੂਰਨੇ ਹਨ। ਇਹ ਇਤਿਹਾਸ ਗੁਰਬਾਣੀ ਦੇ ਅਨੁਕੂਲ ਹੀ ਹੋ ਸਕਦਾ ਹੈ। ਸਰੀਰਕ ਜਾਮੇ ਵੇਲੇ ਗੁਰੂ ਦੀ ਕਥਨੀ ਤੇ ਕਰਣੀ ਮੁਕੰਮਲ ਤੌਰ ਤੇ ਇਕ ਰੂਪ ਰਹੇ ਹਨ।

## ਅਨੁਪਾਨ —ਅੰਮ੍ਰਿਤ ਵੇਲਾ ਤੇ ਸਾਧ ਸੰਗਤਿ

ਕਿਸੇ ਸਰੀਰਕ ਰੋਗ ਦਾ ਇਲਾਜ ਕਰਨ ਵਾਸਤੇ ਨਿਰੀ ਦਵਾਈ ਹੀ ਕਾਫ਼ੀ ਨਹੀਂ ਹੋਇਆ ਕਰਦੀ। ਇਹ ਧਿਆਨ ਰੱਖਣਾ ਭੀ ਜ਼ਰੂਰੀ ਹੁੰਦਾ ਹੈ ਕਿ ਦਵਾਈ ਦੁੱਧ, ਪਾਣੀ, ਚਾਹ, ਸ਼ਰਬਤ ਆਦਿਕ ਕਿਸ ਚੀਜ਼ ਨਾਲ ਖਾਣੀ ਹੈ। ਕੋਈ ਦਵਾਈ ਖਾਲੀ ਪੇਟ ਸਵੇਰੇ ਹੀ ਖਾਣੀ ਹੁੰਦੀ ਹੈ, ਕੋਈ ਰੋਟੀ ਤੋਂ ਪਿਛੋਂ, ਕੋਈ ਪਹਿਲਾਂ। ਇਸੇ ਤਰ੍ਹਾਂ ਖੁਰਾਕ ਦਾ ਭੀ ਪੂਰਾ ਧਿਆਨ ਰੱਖਣਾ ਹੁੰਦਾ ਹੈ। ਕੋਈ ਚੀਜ਼ ਖਾਣੀ ਹੁੰਦੀ ਹੈ, ਕੋਈ ਨਹੀਂ ਖਾਣੀ ਹੁੰਦੀ।

ਆਤਮਕ ਤੇ ਮਾਨਸਕ ਰੋਗਾਂ ਵਾਸਤੇ ਭੀ ਇਹੋ ਜਿਹੇ ਹੀ ਨਿਯਮ ਹਨ। ਰੋਗ ਹੈ 'ਜਗਤ ਦਾ ਮੋਹ' ਇਸ ਦੀ ਦਵਾਈ ਹੈ 'ਪ੍ਰਭੂ-ਚਰਨਾਂ ਵਿਚ ਜੁੜਨਾ'। ਸੂਰਜ ਚੜ੍ਹਦੇ ਸਾਰ ਮਨੁੱਖ ਦੀ ਸੁਰਤਿ ਜਗਤ ਦੇ ਧੰਦਿਆਂ ਵਿਚ ਖਿੰਡ ਜਾਂਦੀ ਹੈ। ਦੁਨੀਆਂ ਵਾਲੇ ਕੰਮ ਭੀ ਮਨ ਲਾ ਕੇ ਕੀਤਿਆਂ ਹੀ ਸਿਰੇ ਚੜ੍ਹਦੇ ਹਨ। ਤੇ, ਮਨ ਇਕੋ ਪਾਸੇ ਹੀ ਲੱਗ ਸਕਦਾ ਹੈ—ਚਾਹੇ ਪ੍ਰਭੂ ਦੀ ਯਾਦ ਵਿਚ ਜੁੜੇ, ਚਾਹੇ ਰੋਜ਼ੀ ਕਮਾਣ ਵਾਸਤੇ ਲੋੜੀਂਦੀ ਦੌੜ-ਭੱਜ ਵਲ ਪਰਤੇ। ਸੋ, ਸਭ ਤੋਂ ਵਧੀਆ ਗੱਲ ਇਹੀ ਹੈ ਕਿ ਦੁਨੀਆਂ ਦੀ ਦੌੜ-ਭੱਜ ਤੋਂ ਪਹਿਲਾਂ ਪਹਿਲਾਂ ਹੀ ਮਨੁੱਖ ਆਤਮਕ ਰੋਗਾਂ ਨੂੰ ਦੂਰ ਕਰਨ ਵਾਲੀ ਦਵਾਈ ਵਰਤ ਲਿਆ ਕਰੇ। ਗੁਰਮਤਿ ਦੀ ਬੋਲੀ ਵਿਚ ਇਉਂ ਕਹਿ ਲਵੋ ਕਿ ਸਿੱਖ ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਆਦਿਕ ਨਾਲ ਸਰੀਰਕ ਆਲਸ ਦੂਰ ਕਰ ਕੇ ਗੁਰਬਾਣੀ ਵਿਚ ਮਨ ਜੋੜੇ, ਪ੍ਰਭੂ ਦੀ ਸਿਫਤਿ ਸਾਲਾਹ ਵਿਚ ਟਿਕੇ।

'ਇਕ ਇਕ ਤੇ ਦੋ ਯਾਰਾਂ' ਦਾ ਅਖਾਣ ਸਾਡੀ ਬੋਲੀ ਵਿਚ ਪ੍ਰਸਿੱਧ ਹੈ ਜਿਵੇਂ ਦੁਨਿਆਵੀ ਦੌੜ-ਭੱਜ ਵਿਚ ਇਹ 'ਗੁਰ' ਬੜਾ ਹੀ ਜ਼ਰੂਰੀ ਹੈ ਤਿਵੇਂ ਆਤਮਕ ਜੀਵਨ ਉੱਚਾ ਕਰਨ ਵਿਚ ਭੀ ਇਹ ਬੜੀ ਸਹਾਇਤਾ ਕਰਦਾ ਹੈ। ਗੁਰਸਿੱਖੀ ਦੀ ਬੋਲੀ ਵਿਚ ਇਸ ਨੂੰ ਆਖੀਦਾ ਹੈ 'ਸਾਧ ਸੰਗਤਿ'। ਸੋ, ਅੰਮ੍ਰਿਤ ਵੇਲੇ ਉੱਠ ਕੇ ਸਿੱਖ ਗੁਰਦੁਆਰੇ ਸਾਧ ਸੰਗਤਿ ਵਿਚ ਜਾਵੇ। ਉਂਝ ਤਾਂ ਜਿਤਨੇ ਹੀ ਵਧੀਕ ਸਤਸੰਗੀ ਹੋਣ, ਉਤਨਾ ਹੀ ਵਧੀਕ ਆਤਮਕ ਆਨੰਦ ਮਿਲਦਾ ਹੈ; ਪਰ ਮਿਲੇ ਮਨ ਵਾਲੇ ਜੇ ਦੋ ਜਣੇ ਭੀ ਰਲ ਕੇ ਗੁਰੂ ਦੀ ਬਾਣੀ ਗਾ ਰਹੇ ਹਨ, ਪੜ੍ਹ ਰਹੇ ਹਨ, ਤਾਂ ਉਹ 'ਸਾਧ ਸੰਗਤਿ' ਕਰ ਰਹੇ ਹਨ। ਇਹ ਸਾਧ ਸੰਗਤਿ ਇਕ ਸਕੂਲ ਹੈ ਜਿਥੋਂ ਮਨੁੱਖ ਨੇ ਉੱਚਾ ਆਤਮਿਕ ਜੀਵਨ ਸਿੱਖਣਾ ਹੈ।

## ਅਨੁਪਾਨ ਸਕੂਲ ਦੀ ਪੜ੍ਹਾਈ ਦਾ ਅਭਿਆਸ

ਸਾਧ ਸੰਗਤਿ ਵਿਚ ਅੰਮ੍ਰਿਤ ਵੇਲੇ ਜਾ ਕੇ ਮਨੁੱਖ ਨੇ ਪਰਮਾਤਮਾਂ ਦੇ ਚਰਨਾਂ ਵਿਚ ਜੁੜਨਾ ਹੈ; ਪ੍ਰਭੂ ਦੀ ਸਿਫ਼ਤਿ ਸਾਲਾਹ ਕਰਨੀ ਹੈ—ਇਹ ਤਾਂ ਹੈ ਦਵਾਈ ਆਤਮਕ ਰੋਗ

ਨੂੰ ਦੂਰ ਕਰਨ ਲਈ। ਉਹ ਰੋਗ ਹੈ 'ਜਗਤ ਦਾ ਮੋਹ' 'ਮਾਇਆ ਦੀ ਪਕੜ'। ਇਸ ਦਵਾਈ ਦੇ ਨਾਲ ਨਾਲ ਗੁਰੂ ਦੀ ਬਾਣੀ ਦੀ ਰਾਹੀਂ ਉਸ ਅਨੁਪਾਨ ਦਾ ਵੀ ਹਰ ਰੋਜ਼ ਚੇਤਾ ਕਰਦੇ ਰਹਿਣਾ ਹੈ, ਜੋ ਇਸ ਦਵਾਈ ਦਾ ਪੂਰਾ ਅਸਰ ਹੋਣ ਵਿਚ ਮਦਦ ਕਰਨ। ਉਹ ਹਨ 'ਹੱਕ ਦੀ ਕਮਾਈ', 'ਖ਼ਲਕਤ ਦੀ ਸੇਵਾ' ਆਦਿਕ।

ਜਿਵੇਂ ਸਕੂਲ ਵਿਚੋਂ ਵਿਦਿਆਰਥੀ ਜਿਹੜਾ ਸਬਕ ਪੜ੍ਹ ਕੇ ਆਉਂਦਾ ਹੈ, ਘਰ ਆ ਕੇ ਉਸ ਨੇ ਉਸ ਸਬਕ ਨੂੰ ਧਿਆਨ ਨਾਲ ਯਾਦ ਕਰਨਾ ਹੁੰਦਾ ਹੈ, ਤਿਵੇਂ ਸਤਸੰਗ ਵਿਚੋਂ ਸਿੱਖੇ ਸ਼ਬਦ ਦਾ ਅਭਿਆਸ ਮਨੁੱਖ ਨੇ ਸਾਰੇ ਦਿਨ ਦੀ ਕਿਰਤ-ਕਾਰ ਵੇਲੇ ਕਰਦੇ ਰਹਿਣਾ ਹੈ। ਜੇ ਇਹ ਅਨੁਪਾਨ ਕਿਰਤ-ਕਾਰ ਵੇਲੇ ਭੁੱਲ ਗਏ, ਤਾਂ ਸਵੇਰ ਵੇਲੇ ਵਰਤੀ ਦਵਾਈ ਕਾਟ ਨਹੀਂ ਕਰੇਗੀ, ਆਤਮਕ ਰੋਗ ਟਿਕਿਆ ਹੀ ਰਹੇਗਾ।

## ਪਰਹੇਜ਼, ਸੰਜਮ

ਇਹ ਇਕ ਘੱਤੇ-ਚੜ੍ਹੀ ਗੱਲ ਹੈ ਕਿ ਜਿਹੜਾ ਮਨੁੱਖ ਮੂੰਹ ਨਹੀਂ ਰੱਖਦਾ, ਉਸ ਨੂੰ ਦਵਾਈ ਕੋਈ ਕਾਟ ਨਹੀਂ ਕਰ ਸਕਦੀ। ਪਰਹੇਜ਼ ਬਹੁਤ ਹੀ ਜ਼ਰੂਰੀ ਹੈ।

ਇਹੀ ਹਾਲ ਹੈ ਆਤਮਕ ਰੋਗਾਂ ਦਾ। ਮਨੁੱਖ ਅੰਮ੍ਰਿਤ ਵੇਲੇ ਉੱਠ ਕੇ ਸਾਧ ਸੰਗਤਿ ਵਿਚ ਜਾ ਕੇ ਪ੍ਰਭੂ ਦੀ ਸਿਫ਼ਤਿ ਸਾਲਾਹ ਦੀ ਦਵਾਈ ਵਰਤ ਆਵੇ, ਗੁਰੂ ਦੀ ਬਾਣੀ ਦਾ ਪਾਠ ਕਰ ਲਏ, ਪਰ ਜੇ ਉਹ ਸਾਰਾ ਦਿਨ ਕਿਰਤ-ਕਾਰ ਵਿਚ, ਕਾਰ-ਵਿਹਾਰ ਵਿਚ ਸੰਜਮ ਨਹੀਂ ਵਰਤਦਾ ਤਾਂ ਆਤਮਕ ਰੋਗ ਉਵੇਂ ਹੀ ਟਿਕੇ ਰਹੇ।

ਰੋਜ਼ੀ ਕਮਾਣ ਦੇ ਆਮ ਤੌਰ ਤੇ ਚਾਰ ਪੰਜ ਵਸੀਲੇ ਹੀ ਹਨ—ਵਾਹੀ, ਹੱਟੀ, ਵਪਾਰ, ਨੌਕਰੀ ਤੇ ਮਜ਼ਦੂਰੀ। ਹਰੇਕ ਮਨੁੱਖ ਚੰਗੀ ਤਰ੍ਹਾਂ ਆਪ ਹੀ ਜਾਣਦਾ ਹੈ ਕਿ ਉਹ ਆਪਣਾ ਕੰਮ ਪੂਰੀ ਈਮਾਨਦਾਰੀ ਨਾਲ ਕਰ ਰਿਹਾ ਹੈ ਜਾਂ ਨਹੀਂ। ਜੇ ਨਹੀਂ ਕਰਦਾ ਤਾਂ ਉਹ ਪਰਾਇਆ ਹੱਕ ਖਾ ਰਿਹਾ ਹੈ।

ਕਾਮ-ਵੱਸ ਹੋ ਕੇ ਪਰਾਏ ਰੂਪ ਨੂੰ ਭੈੜੀ ਨਿਯਤ ਨਾਲ ਤਕਣਾ, ਪਰ ਇਸਤਰੀ ਗਾਮੀ ਹੋਣਾ—ਜੀਵਨ ਸਫ਼ਰ ਵਿਚ ਇਹ ਇਕ ਬੜੀ ਭਾਰੀ ਉਖੇੜ ਹੈ। ਈਰਖਾ, ਨਿੰਦਾ, ਅਹੰਕਾਰ, ਬਾਚਲ ਆਦਿਕ ਅਨੇਕਾਂ ਹੀ ਜੀਵਨ-ਠੇਡੇ ਹਨ ਜਿਨ੍ਹਾਂ ਤੋਂ ਸਦਾ ਬਚ ਕੇ ਰਹਿਣਾ ਹੈ; ਨਹੀਂ ਤਾਂ ਅੰਮ੍ਰਿਤ ਵੇਲੇ ਦੀ ਵਰਤੀ ਦਵਾਈ ਰੋਗ ਨੂੰ ਕੱਟ ਨਹੀਂ ਸਕੇਗੀ।

## ਹੁਣ ਤਕ ਦੀ ਵਿਚਾਰ ਦਾ ਨਿਚੋੜ

ਮਾਇਆ ਦਾ ਮੋਹ ਕਈ ਰੂਪਾਂ ਵਿਚ ਜੀਵ ਨੂੰ ਪ੍ਰਭੂ-ਚਰਨਾਂ ਨਾਲੋਂ ਵਿਛੋੜੀ ਰੱਖਦਾ ਹੈ, ਜੀਵ ਅਨੇਕਾਂ ਵਿਚਾਰਾਂ ਦੇ ਵਹੇ ਚੜ੍ਹਿਆ ਰਹਿੰਦਾ ਹੈ। ਜਿਸ ਮਨੁੱਖ ਉਤੇ ਪਰਮਾਤਮਾ ਮਿਹਰ ਕਰਦਾ ਹੈ ਉਸ ਨੂੰ ਗੁਰੂ ਮਿਲਾਂਦਾ ਹੈ। ਗੁਰੂ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਪ੍ਰਭੂ-ਚਰਨਾਂ ਵਿਚ ਜੋੜਦਾ ਹੈ, ਅੰਮ੍ਰਿਤ ਵੇਲੇ ਉੱਠਣ ਦਾ, ਸਾਧ ਸੰਗਤਿ ਵਿਚ ਜੁੜ ਕੇ ਨਾਮ ਸਿਮਰਨ ਦਾ ਅਭਿਆਸ ਬਣਨ ਦੀ ਤਾਕੀਦ ਕਰਦਾ ਹੈ। ਤੇ, ਨਾਲ ਨਾਲ ਉਹ ਸਿਖਾਂਦਾ ਹੈ ਕਿ ਹੱਕ ਦੀ ਕਮਾਈ ਕਰਨੀ ਹੈ ਉਸ ਕਮਾਈ ਵਿਚੋਂ ਵਿਤ ਅਨੁਸਾਰ

ਖ਼ਲਕਤ ਦੀ ਸੇਵਾ ਕਰਨੀ ਹੈ, ਪਰਾਏ ਧਨ, ਪਰਾਏ ਤਨ, ਪਰਾਈ ਨਿੰਦਾ ਆਦਿਕ ਵੱਲੋਂ ਪਰਹੇਜ਼ ਕਰਦੇ ਰਹਿਣਾ ਹੈ। ਗੁਰੂ ਆਪਣੇ ਉਪਦੇਸ਼ ਨਾਲ, ਆਪਣੀ ਕਰਨੀ ਨਾਲ, ਮਨੁੱਖ ਨੂੰ ਉੱਚੇ ਆਚਰਨ ਵਾਲਾ ਮਨੁੱਖ ਬਣਾਂਦਾ ਹੈ, ਮਨੁੱਖ ਨੂੰ ਦੇਵਤਾ ਬਣਾ ਦੇਂਦਾ ਹੈ। ਜੀਵਾਤਮਾ ਨੂੰ ਪਰਮਾਤਮਾ ਨਾਲ ਇਕ-ਮਿਕ ਕਰਦਾ ਹੈ।

## ਪਰ ਕਈ ਭੁਲੇਖੇ

ਭੈੜੀਆਂ ਵਾਦੀਆਂ ਆਪਣੇ ਅੰਦਰੋਂ ਦੂਰ ਕਰਕੇ ਉੱਚਾ ਆਚਰਨ ਬਨਾਣਾ ਬਹੁਤ ਹੀ ਔਖਾ ਕੰਮ ਹੈ, ਪਹਾੜ ਉਤੇ ਚੜ੍ਹਨ ਵਾਂਗ ਹੈ। ਕਿਸੇ ਭੀ ਇਕ ਭੈੜੀ ਵਾਦੀ ਦਾ ਜ਼ੋਰ ਵਿਚਾਰ ਵੇਖੋ। ਕੀ ਦੂਜਿਆਂ ਦੀ ਨਿੰਦਾ ਕਰਨ ਦੀ ਪੈ ਚੁਕੀ ਵਾਦੀ ਛੱਡਣਾ ਕੋਈ ਸੌਖਾ ਕੰਮ ਹੈ? ਇਹ ਇਕ ਐਸਾ ਚਸਕਾ ਹੈ ਕਿ ਘੰਟਿਆਂ-ਬੱਧੀ ਇਕ ਨਿਕੰਮੀ ਵਾਦੀ ਵਿਚ ਲੰਘ ਜਾਂਦੇ ਹਨ. ਆਪਣੇ ਕਈ ਕੰਮ ਉਤਨੇ ਚਿਰ ਵਿਗੜ ਜਾਂਦੇ ਹਨ. ਪਰ ਨਿੰਦਕ ਨਿੰਦਾ ਨਹੀਂ ਛੱਡ ਸਕਦਾ।

ਸੋ, ਇਸ ਸੌਖੇ ਜੀਵਨ-ਰਾਹ ਵਲੋਂ ਹਟ ਕੇ ਮਨੁੱਖ ਨਿਰੀਆਂ ਧਾਰਮਿਕ ਰਸਮਾਂ ਕਰਨ ਨੂੰ ਹੀ ਧਰਮ ਸਮਝ ਲੈਂਦਾ ਹੈ। ਇਹ ਰਸਮਾਂ ਪੂਰੀਆਂ ਕਰ ਕੇ ਆਪਣੇ ਥਾਂ ਇਹ ਮਨੌਤ ਬਣਾ ਲੈਂਦਾ ਕਿ ਮੈਂ ਧਰਮੀ ਬਣ ਰਿਹਾ ਹਾਂ। ਵੇਖਣਾ ਇਹ ਹੁੰਦਾ ਹੈ ਕਿ ਅਜਿਹੀ ਕਿਸੇ ਮਿਥੀ ਹੋਈ ਧਾਰਮਿਕ ਰਸਮ ਦੇ ਕਰਨ ਨਾਲ ਜੀਵਨ ਵਿਚ ਕੋਈ ਫ਼ਰਕ ਪਿਆ ਹੈ ਜਾਂ ਨਹੀਂ, ਕੋਈ ਭੈੜੀ ਵਾਦੀ ਅੱਗੇ ਨਾਲੋਂ ਕਮਜ਼ੋਰ ਹੋਈ ਹੈ ਜਾਂ ਨਹੀਂ। (ਚਲਦਾ)

# ਨੋਟੇਸ਼ਨ ਵਾਲੇ ਸ਼ਬਦ ਦੇ ਅਰਥ

ਕਲਿਆਨ ਮਹਲਾ ੫ ਘਰੁ ੨

ੴ ਸਤਿਗੁਰ ਪ੍ਰਸਾਦਿ ॥ ਤੇਰੈ ਮਾਨਿ ਹਰਿ ਹਰਿ ਮਾਨ ॥ ਨੈਨ ਬੈਨ ਸ੍ਰਵਨ ਸੁਨੀਐ ਅੰਗ ਅੰਗੇ ਸੁਖ ਪ੍ਰਾਨਿ ॥ ੧ ॥ ਰਹਾਉ ॥ ਇਤ ਉਤ ਦਸ ਦਿਸਿ ਰਵਿਓ ਮੇਰ ਤਿਨਹਿ ਸਮਾਨਿ ॥ ੧ ॥ ਜਤ ਕਤਾ ਤਤ ਪੇਖੀਐ ਹਰਿ ਪੁਰਖ ਪਤਿ ਪਰਧਾਨ ॥ ਸਾਧ ਸੰਗਿ ਭ੍ਰਮ ਭੈ ਮਿਟੇ ਕਥੇ ਨਾਨਕ ਬ੍ਰਹਮ ਗਿਆਨ ॥

੨ ॥ ੧ ॥੪ ॥ [੧੩੨੨]

**ਪਦ ਅਰਥ :**—ਤੇਰੈ ਮਾਨਿ ਤੇਰੇ (ਦੱਤੇ) ਮਾਣ ਦੀ ਰਾਹੀਂ ਮਾਨਿ—ਮਾਣ ਦੀ ਰਾਹੀਂ, ਪਿਆਰ ਦੀ ਬਰਕਤਿ ਨਾਲ। ਹਰਿ—ਹੇ ਹਰੀ! ਮਾਨਿ—(ਤੇਰੈ) ਮਾਨਿ, ਤੇਰੇ ਬਖਸ਼ੇ ਪ੍ਰੇਮ ਦੀ ਰਾਹੀਂ। ਨੈਨ ਅੱਖਾਂ ਨਾਲ (ਤੇਰਾ ਦਰਸ਼ਨ ਕਰੀਦਾ ਹੈ)। ਬੈਨ—ਬਚਨਾਂ ਨਾਲ (ਤੇਰਾ ਜਸ ਗਾਇਆ ਜਾਂਦਾ ਹੈ) ਸ੍ਰਵਨ ਸੁਨੀਐ ਕੰਨਾਂ ਨਾਲ (ਤੇਰੀ ਸਿਫ਼ਤਿ ਸਾਲਾਹ) ਸੁਣੀ ਜਾਂਦੀ ਹੈ। ਅੰਗ ਅੰਗੇ ਅੰਗਿ ਅੰਗਿ; ਹਰੇਕ ਅੰਗ ਵਿਚ। ਪ੍ਰਾਨਿ—(ਹਰੇਕ) ਸਾਹ ਦੇ ਨਾਲ। ੧। ਰਹਾਉ।

ਇਤ—ਇਥੇ। ਉਤ ਉਥੇ। ਇਤ ਉਤ–ਇਥੇ ਉਥੇ, ਹਰ ਥਾਂ। ਦਸ ਦਿਸਿ-ਦਸੀਂ ਪਾਸੀਂ, ਸਾਰੇ ਜਗਤ ਵਿਚ। ਰਵਿਓ—ਵਿਆਪਕ (ਜਾਪਦਾ ਹੈ)। ਮੇਰ—ਸੁਮੇਰ ਪਰਬਤ। ਤਿਨਹਿ ਤ੍ਰਿਣ ਵਿਚ, ਤਿਨਕੇ ਵਿਚ। ਸਮਾਨਿ—ਇਕੋ ਜਿਹਾ। ੧।

ਜਤ—ਜਿੱਥੇ। ਕਤਾ ਕਿੱਥੇ। ਤਤ—ਤਿੱਥੇ। ਜਤ ਕਤਾ ਤਤ-ਜਿੱਥੇ ਕਿੱਥੇ ਤਿੱਥੇ. ਹਰ ਥਾਂ। ਪੇਖੀਐ ਵੇਖ ਲਈਦਾ ਹੈ। ਪੁਰਖ ਪਤਿ-ਪੁਰਖਾਂ ਦਾ ਪਤੀ। ਸਾਧ ਸੰਗ—ਸਾਧ ਸੰਗਤਿ। ਭੈ–[ਲਫ਼ਜ਼ 'ਭਉ' ਤੋਂ ਬਹੁ ਵਚਨ] ਸਾਰੇ ਡਰ। ਕਥੇ–ਕਥਿ, ਕਥ ਕੇ, ਆਖ ਕੇ। ਬ੍ਰਹਮ ਗਿਆਨ–ਪਰਮਾਤਮਾ ਨਾਲ ਸਾਂਝ ਦੇ ਬਚਨ, ਪਰਮਾਤਮਾ ਦੇ ਗੁਣ। ੧।

**ਅਰਥ :**—ਹੇ ਹਰੀ! ਤੇਰੇ (ਬਖਸ਼ੇ) ਪਿਆਰ ਦੀ ਬਰਕਤਿ ਨਾਲ, ਹੇ ਹਰੀ! ਤੇਰੇ ਦਿੱਤੇ ਪ੍ਰੇਮ ਦੀ ਰਾਹੀਂ, ਅੱਖਾਂ ਨਾਲ, (ਤੇਰਾ ਦਰਸ਼ਨ ਹਰ ਥਾਂ ਕਰੀਦਾ ਹੈ) ਬਚਨਾ ਨਾਲ, (ਤੇਰੀ ਸਿਫਤ ਸਾਲਾਹ ਕਰੀਦੀ ਹੈ) ਕੰਨਾਂ ਨਾਲ (ਤੇਰੀ ਸਿਫਤਿ ਸਾਲਾਹ) ਸੁਣੀਦੀ ਹੈ, ਹਰੇਕ ਅੰਗ ਵਿਚ ਹਰੇਕ ਸਾਹ ਦੇ ਨਾਲ ਆਨੰਦ (ਪ੍ਰਾਪਤ ਹੁੰਦਾ ਹੈ)। ੧। ਰਹਾਉ।

ਹੇ ਭਾਈ! (ਪ੍ਰਭੂ ਤੋਂ ਮਿਲੇ ਪਿਆਰ ਦੀ ਬਰਕਤਿ ਨਾਲ ਉਹ ਪ੍ਰਭੂ) ਹਰ ਥਾਂ ਦਸੀਂ ਪਾਸੀਂ ਵਿਆਪਕ ਦਿੱਸ ਪੈਂਦਾ ਹੈ, ਸੁਮੇਰ ਪਰਬਤ ਅਤੇ ਤੀਲੇ ਵਿਚ ਇਕੋ ਜਿਹਾ।੧।

ਹੇ ਨਾਨਕ! ਸਾਧ ਸੰਗਤਿ ਵਿਚ ਪਰਮਾਤਮਾ ਦੀ ਸਿਫਤਿ ਸਾਲਾਹ ਕੀਤਿਆਂ ਸਾਰੇ ਭਰਮ ਸਾਰੇ ਡਰ ਮਿਟ ਜਾਂਦੇ ਹਨ, ਉਹ ਪਰਧਾਨ ਪੁਰਖ ਉਹ ਸਾਰੇ ਜੀਵਾਂ ਦਾ ਮਾਲਕ ਹਰੀ ਹਰ ਥਾਂ ਵੱਸਦਾ ਦਿੱਸਣ ਲੱਗ ਪੈਂਦਾ ਹੈ। ੨ ।੧। ੪।

# ਰਾਗ ਕਲਿਆਣ

—ਸ: ਉੱਤਮ ਸਿੰਘ

ਵਾਦੀ—ਗ, ਸੰਵਾਦੀ-ਨ, ਠਾਠ-ਕਲਿਆਣ, ਜਾਤ-ਸੰਪੂਰਨ, ਸਮਾਂ-ਰਾਤ ਦਾ ਪਹਿਲਾ ਪਹਿਰ

ਆਰੋਹ—ਸਰਗ, ਮੇ ਪ, ਧ, ਨ, ਸਂ ॥

ਅਵਰੋਹ – ਸਂ ਨ ਧ, ਪ, ਮੇ ਗ, ਰ ਸ ।

ਪਕੜ--ਨ਼ ਰ ਗ, ਰ ਸ, ਪ ਮੇ ਗ, ਰ ਸ ॥

ਤਾਲ – ਦਾਦਰਾ

| ਅਸਥਾਈ | 1 | 2 | 3 | 4 | 5 | 6 | 1 | 2 | 3 | 4 | 5 | 6 |
|---|---|---|---|---|---|---|---|---|---|---|---|---|
| | x | | | o | | | x | | | o | | |
| | ਨ਼ | — | ਰ | ਗਮੇ | ਪ | ਰ | ਗ- | ਰ | ਸ | ਸ | — | ਸ |
| | ਤੇ | S | ਰੈ | ਮਾS | S | ਨਿ | ਹਰਿ | ਹ | ਰਿ | ਮਾ | S | ਨਿ |
| | ਨ਼ਧ਼ | | ਨ਼ | ਗਮੇ | ਪ | ਰ | ਗ | ਰ | ਸ | ਸ | ਸ | ਸ |
| | ਨੈ | S | ਨ | ਬੈS | S | ਨ | ਸੂ | ਵ | ਨ | ਸੁ | ਨੀ | ਐ |
| | ਸਂ | ਨ | ਧ | ਪਮੇ | ਗਮੇ | ਪਧ | ਪ | ਗ | ਰ | ਸ | — | ਸ |
| | ਅੰ | S | ਗ | ਅੰS | ਗੋS | SS | ਸੁ | ਖ | S | ਪ੍ਰਾ | S | ਨਿ |
| ਅੰਤਰਾ (੧) | ਮੇ | ਗ | ਗ | ਮੇ | ਧ | — | ਧਨ | ਸਂ | ਸਂ- | ਨਰਂ | ਸਂ | ਸ |
| | ਇ | ਤ | S | ਉ | ਤ | S | ਦਹ | S | ਦਿਸਿ | ਰਵਿ | ਓ | S |
| | ਸਂ | — | ਨ | ਧ- | ਪ | ਪ | ਗਮੇ | ਪਧ | ਪਮੇ | ਗਰ | ਸਰ | ਸ |
| | ਮੇ | S | ਰ | ਤਿਨ | ਹਿ | ਸ | ਮਾS | SS | SS | SS | SS | ਨਿ |
| ਅੰਤਰਾ (੨) | ਮੇ | ਗ | ਗ | ਮੇ | ਧ | ਧ | ਧਨ | ਸਂ | ਸਂ | ਨਰਂ | — | ਸਂ |
| | ਜ | ਤ | ਕ | ਤਾ | ਤ | ਤ | ਪੇS | S | ਖੀ | ਐਸ | S | S |
| | ਨ | ਰਂ | ਸਂ | ਨ- | ਧ | ਪ | ਮੇ | ਗ | ਮੇਧ | ਪ | — | ਪ |
| | ਹ | S | ਰਿ | ਪੁਰ | ਖ | S | ਪ | ਤਿ | ਪਰ | ਧਾ | S | ਨ |
| | ਮੇ | ਗ | ਗ | ਮੇ | ਧ | — | ਸਂ | ਸਂ- | ਸਂ | ਨਰਂ | ਸਂ | — |
| | ਸਾ | S | ਧ | ਸਂ | ਗਿ | S | ਭ੍ਰਮ | S | ਭੈ | ਮਿS | ਟੇ | S |
| | ਸਂ | ਨ | ਧ | ਪਮੇ | ਗਮੇ | ਪਧ | ਪ- | ਗ | ਰ | ਸ- | — | ਸ |
| | ਕ | ਥੇ | S | ਨਾS | ਨS | ਕS | ਬ੍ਰਹ | S | ਮ | ਗਿਆ | S | ਨ |

# ਰਾਗ ਹੀ ਸਭ ਕਲਾਵਾਂ ਦਾ ਮੂਲ ਹੈ

ਪ੍ਰਿੰਸੀਪਲ ਸਤਿਬੀਰ ਸਿੰਘ

ਰਾਗ ਹੀ ਸਭ ਕਲਾਵਾਂ (ਆਰਟਸ) ਦਾ ਮੂਲ ਹੈ ਅਤੇ ਉਸ ਵਿਚੋਂ ਹੀ ਬਾਕੀ ਕਲਾਵਾਂ ਜਨਮ ਲੈਂਦੀਆਂ ਹਨ। ਇਸ ਸੰਬੰਧੀ ਇਕ ਵਾਰਤਾ ਸੁਣਾਂਦੇ ਹਨ ਕਿ ਇਕ ਪੁਰਸ਼ ਨੂੰ ਮੂਰਤੀ ਘੜਨ ਦੀ ਕਲਾ ਸਿੱਖਣ ਦਾ ਸ਼ੌਕ ਜਾਗਿਆ ਤੇ ਇਕ ਨਿਪੁੰਨ ਕਲਾਕਾਰ ਜੋ ਦਰਵੇਸ਼ਾਂ ਦੀ ਜ਼ਿੰਦਗੀ ਗੁਜ਼ਾਰ ਰਿਹਾ ਸੀ, ਕੋਲ ਗਿਆ ਕਿ ਉਸ ਨੂੰ ਕ੍ਰਿਪਾ ਕਰਕੇ ਸ਼ਿਲਪ ਕਲਾ ਸਿਖਲਾਏ।

ਦਰਵੇਸ਼ ਨੇ ਕਿਹਾ : ਬੁਤ-ਘਾੜਾ ਬਣਨ ਲਈ ਪਹਿਲਾ ਚਿਤਰਕਲਾ ਦਾ ਆਉਣਾ ਜ਼ਰੂਰੀ ਹੈ।

ਇੱਛਕ ਨੇ ਕਿਹਾ : ਤਾਂ ਪਹਿਲਾਂ ਇਹ ਹੀ ਸਿਖਲਾ ਦਿਓ।

ਫਕੀਰ ਨੇ ਕਿਹਾ : ਐਸਾ ਨਹੀਂ ਹੋ ਸਕਦਾ। ਚਿੱਤਰਕਲਾ ਦਾ ਗੁਣ ਗ੍ਰਹਿਣ ਕਰਨ ਲਈ ਨ੍ਰਿਤਕਲਾ ਦਾ ਗਿਆਨ ਲਾਜ਼ਮੀ ਹੈ।

ਖਾਹਿਸ਼ਮੰਦ ਨੇ ਕਿਹਾ : ਫਿਰ ਮਿਹਰ ਕਰ ਨ੍ਰਿਤ ਕਲਾ ਦੇ ਅੱਡ ਅੱਡ ਅੰਗਾਂ ਤੋਂ ਜਾਂਣੂ ਕਰਾਓ।

ਦਰਵੇਸ਼ ਨੇ ਕਿਹਾ : ਭਲੇ ਪੁਰਸ਼। ਨ੍ਰਿਤਕਲਾ ਨਹੀਂ ਆ ਸਕਦੀ ਜਦ ਤਕ ਤੈਤੀ ਸਾਜ਼ ਦੀ ਸੋਝੀ ਨਾ ਹੋਵੇ।

ਚਾਹਵਾਨ ਨੇ ਹੱਥ ਜੋੜ ਕਿਹਾ : ਤਾਂ ਇਸ ਦੀ ਕ੍ਰਿਪਾ ਕਰੋ।

ਦਰਵੇਸ਼ ਨੇ ਉਸੇ ਸਹਿਜ ਵਿਚ ਕਿਹਾ : ਪਿਆਰੇ ਇਹ ਵੀ ਨਹੀਂ ਸਿਖਿਆ ਜਾ ਸਕਦਾ ਜਦ ਤਕ ਸੁਰ ਗਿਆਨ ਨਾ ਹੋਵੇ।

ਗਾਥਾ ਕਹਿਣ ਵਾਲੇ ਦਾ ਭਾਵ ਸੀ ਕਿ ਰਾਗ ਹੀ ਕਲਾ ਦਾ ਮੁੱਢ ਹੈ।

ਨਾਰਦ ਹੱਥ ਵਿਚ ਹਮੇਸ਼ਾਂ ਵੀਣਾ ਇਸ ਲਈ ਲਈ ਫਿਰਦਾ ਹੈ ਕਿਉਂਕਿ ਉਹ ਇਕ ਵਾਰੀ ਪ੍ਰਭੂ ਕੋਲੋਂ ਪੁੱਛ ਬੈਠੇ ਪ੍ਰਭੂ ਮੈਂ ਤੁਹਾਨੂੰ ਲੱਭ ਲੱਭ ਥੱਕ ਗਿਆ। ਸਭ ਥਾਂ ਟਿਕਾਣੇ ਛਾਣ ਮਾਰੇ। ਤੁਸੀਂ ਨਾ ਮਿਲੇ। ਤੁਹਾਡਾ ਟਿਕਾਣਾ ਕਿੱਥੇ ਹੈ ?

ਵਾਹਿਗੁਰੂ ਨੇ ਕਿਹਾ : ਨਾਰਦ ! ਨਾ ਮੈਂ ਬੈਕੁੰਠ ਵਿਚ ਹਾਂ, ਨਾ ਹੀ ਯੋਗੀਆਂ ਦੇ ਧੂੰਨ ਧਿਆਨ ਵਿਚ। ਮੈਂ ਉਥੇ ਹਾਂ ਜਿਥੇ ਮੈਨੂੰ ਗਾਉਣ ਵਾਲੇ ਮਸਤ ਹੋ ਗਾ ਰਹੇ ਹੁੰਦੇ ਹਨ।

ਸੁਜਾਨ ਰਾਇ ਭੰਡਾਰੀ ਨੇ ਸਿੱਖਾਂ ਵਿਚ ਕੀਰਤਨ ਦੀ ਸ਼ਕਤੀ ਤੇ ਮਹੱਤਤਾ ਦ੍ਰਿੜਾਂਦੇ ਲਿਖਿਆ ਸੀ :

ਬਾਬਾ ਨਾਨਕ ਦੇ ਬਹੁਤ ਸਾਰੇ ਸ਼ਰਧਾਲੂ ਸਿੱਖ ਸੇਵਕ **ਸੱਚੀ**-ਮੁੱਚੀ ਪਹੁੰਚੇ ਹੋਏ ਵਾਕ ਸੱਤਾ ਵਾਲੇ, ਤਪੱਸਵੀ ਹਨ ਜਿਨ੍ਹਾਂ ਦੀਆਂ **ਅਰਦਾਸਾਂ** ਰੱਬ ਪ੍ਰਵਨਾ ਕਰਦਾ ਹੈ। ਸਿੱਖਾਂ ਦੀ ਪੂਜਾ ਕੇਵਲ ਗੁਰਬਾਣੀ ਦਾ ਪਾਠ ਤੇ ਵਿਚਾਰ ਹੈ ਜਿਸ ਨੂੰ ਇਹ ਸੁਰੀਲੀ-ਸੁਰ ਨਾਲ ਪੜ੍ਹਦੇ ਤੇ ਗਾਉਂਦੇ ਹਨ। ਹੁਣ ਤਕ ਦੀ ਖੋਜ ਦਾ ਸਿੱਟਾ ਜੋ ਦਿਮਾਗ ਦੇ ਪ੍ਰਸਿੱਧ ਸਰਜਨ ਡਾਕਟਰ ਐਕਲਸ ਨੇ ਦੇਂਦੇ ਹੋਏ ਕਿਹਾ ਹੈ ਕਿ ਅਸਲ ਵਿਚ ਇਨਸਾਨੀ ਸਾਰੇ ਕਰਮਾਂ ਨੂੰ ਦਿਮਾਗ ਦਾ ਖੱਬਾ ਪਾਸਾ ਨਿਯੰਤ੍ਰਨ ਕਰਦਾ ਹੈ ਤੇ ਕੇਵਲ ਉਸ ਵੇਲੇ ਹਰਕਤ ਵਿਚ ਆਉਂਦਾ ਹੈ ਜਦ ਰਾਗ ਹੋਵੇ। ਕੀਰਤਨ ਅਰੰਭ ਹੁੰਦੇ ਸਾਰ ਜੋ 'ਕਾਮ, ਕਰੋਧ, ਲੋਭ, ਮੋਹ, ਅਹੰਕਾਰ' ਨੇ ਖੱਬੇ ਦੇ ਆਖੇ ਲੱਗ ਅੰਦਰ ਦੁੰਦਰ ਮਚਾਇਆ ਹੁੰਦਾ ਹੈ ਸ਼ਾਂਤ ਹੋ ਜਾਂਦਾ ਹੈ ਤੇ ਮਨ ਨੂੰ ਅਮਨ ਕਰਨਾ ਸ਼ੁਰੂ ਕਰਦਾ ਹੈ। ਮਨ ਤੇ ਪ੍ਰੇਮ ਦਾ ਰੰਗ ਚੜ੍ਹਨਾ ਸ਼ੁਰੂ ਕਰਦਾ ਹੈ। ਮਨ ਤੇ ਪ੍ਰੇਮ ਦਾ ਰੰਗ ਚੜ੍ਹਨਾ ਸ਼ੁਰੂ ਹੋ ਜਾਂਦਾ ਹੈ। ਪ੍ਰੇਮ ਸਾਹਮਣੇ ਕਾਮ, ਕਰੋਧ ਨਹੀਂ ਠਹਿਰ ਸਕਦੇ। ਹੁਣ ਪੜ੍ਹੋ ਗੁਰੂ ਅਰਜਨ ਦੇਵ ਜੀ ਦੇ ਉਹ ਬਚਨ ਜੋ ਉਨ੍ਹਾਂ ਇਕ ਵਾਰੀ ਭਾਈ ਝਾਝੂ, ਮੁਕੰਦੂ ਅਤੇ ਭਾਈ ਕੇਦਾਰ ਦੀ ਇਕ ਪੁੱਛ ਦੇ ਉੱਤਰ ਵਿਚ ਫਰਮਾਏ ਸਨ। ਉਨ੍ਹਾਂ ਇਕ ਵਾਰੀ ਪੰਚਮ ਪਿਤਾ ਜੀ ਕੋਲੋਂ ਆ ਪੁੱਛਿਆ ਕਿ ਉਨ੍ਹਾਂ ਦਾ ਉਦਾਰ ਕਿਵੇਂ ਹੋਏ ? ਮਹਾਰਾਜ ਨੇ ਕਿਹਾ :

ਤੁਹਾਨੂੰ ਰਾਗਾਂ ਦੀ ਸੂਝ ਹੈ ਤੇ ਕਲਿਜੁਗ ਵਿਚ ਕੀਰਤਨ ਸਮਾਨ ਹੋਰ ਕੋਈ ਤਪ ਨਹੀਂ।

ਇਹ ਸਾਂਤਕ ਤਪ ਹੈ। ਤੁਸੀਂ ਕੀਰਤਨ ਕਰੋ।

ਉਨ੍ਹਾਂ ਫਿਰ ਇਹ ਪੁਛਿਆ : ਜੀ, ਪਾਠ ਕਥਾ ਤੇ ਕੀਰਤਨ ਦਾ ਭਿੰਨ-ਭਿੰਨ ਫਲ ਵੀ ਕਹੀਐ ?

ਬਚਨ ਹੋਇਆ : ਬਾਣੀ ਦਾ ਪਾਠ ਇਹ ਹੈ ਜੋ ਆਪਣੇ ਖੂਹ ਦੀ ਪੈਲੀ ਦੇ ਕੇ ਝਬਕੇ (ਤੁਰੰਤ) ਪਕਾਈਦੀ ਹੈ। ਤੈਸੇ ਬਾਣੀ ਦੇ ਪਾਠ ਦਾ ਫਲ ਹੈ। ਖੂਹ ਦਾ ਜਲ ਨੇੜੇ ਪੈਲੀ ਹੋਵੇ ਤਾਂ ਪਹੁੰਚਦਾ ਹੈ ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ।

ਕੀਰਤਨ : ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤੇ ਸਭ ਪੈਲੀਆਂ ਹਰੀਆਂ ਹੁੰਦੀਆਂ ਹਨ।

ਕਥਾ : ਦਾ ਇਹ ਫਲ ਹੈ ਜੈਸੇ ਮੇਘ ਠਹਰਿਆ ਹੋਇਆ ਨਿਰਵਾਤ ਝਿੰਮ ਝਿੰਮ ਵਰਖਾ ਕਰਦਾ ਹੈ। ਅੱਗੋਂ ਜੇ ਪੈਲੀਆਂ ਰਾਹੀਆਂ, ਸੁਧਾਰੀਆਂ ਹੋਈਆਂ ਹੋਣ ਜੋ ਬੂੰਦ ਬੂੰਦ ਪੈਂਦੀ ਹੈ ਧਰਤੀ ਵਿਚ ਹੀ ਸਮਾਈ ਜਾਂਦੀ ਹੈ। ਤੈਸੇ ਜੋ ਸਮਝਵਾਨ ਸਿੱਖ ਹੁੰਦੇ ਹਨ। ਜੋ ਜੋ ਕਥਾ ਕੀਰਤਨ ਤੇ ਵਿਚਾਰ ਕਰਦੇ ਹਨ ਤੇ ਮਨ ਵਿਚ ਧਾਰਦੇ ਜਾਂਦੇ ਹਨ ਉਨ੍ਹਾਂ ਨੂੰ ਸਮਝ ਪ੍ਰਾਪਤ ਹੁੰਦੀ ਹੈ। ਕਥਾ ਕੀਰਤਨ ਦੋਵੇਂ ਮਿਲੇ

ਹੋਏ ਸੋਭਾ ਪਾਂਵਦੇ ਹਨ। ਕਥਾ ਕੀਰਤਨ ਦੇ ਮਹਾਤਮ ਨੂੰ ਲਖਵਾਂਦੀ ਹੈ ਤੇ ਕੀਰਤਨ ਮਨ ਵਿਖੇ ਰਾਗ ਹਰਖ ਉਤਮਤ ਕਰਦਾ ਹੈ। ਜੈਸੇ ਮਾਤਾ ਪੁੱਤਰਾਂ ਕਰਕੇ ਸੋਭਦੀ ਹੈ ਤੇ ਪੁਤਾਂ ਦੀ ਪਾਲਣਾ ਮਾਤਾ ਕਰਕੇ ਹੁੰਦੀ ਹੈ।

ਸਿੱਖਾਂ ਇਹ ਵੀ ਪੁਛਿਆ ਕਿ ਜੇ ਕਥਾ ਮਾਤਾ, ਕੀਰਤਨ ਪੁਤ ਤਾਂ ਪਿਤਾ

ਬਚਨ ਹੋਇਆ : ਪ੍ਰੇਮ ਜੋ ਹੈ ਸੋ ਕਥਾ ਦਾ ਭਰਤਾ ਹੈ। ਕੀਰਤਨ ਦਾ ਪਿਤਾ ਪ੍ਰੇਮ ਹੈ। ਪ੍ਰੇਮ ਕਰਕੇ ਦੋਵੇਂ ਸੋਭਾ ਪਾਉਂਦੇ ਹਨ। ਕੀਰਤਨ ਨਾਲ ਮਨ ਸੁੱਤੀ ਹੋਈ ਅਵਸਥਾ ਤੋਂ ਜਾਗਦਾ ਹੈ।

ਕੀਰਤਨ ਦੇ ਚਾਰ ਲਾਜ਼ਮੀ ਜੁਜ਼ 'ਰਾਗ, ਰਤਨ, ਰਸਨਾ ਤੇ ਅਲਾਪ ਹਨ। ਇਨ੍ਹਾਂ ਦਾ ਮਿਸ਼੍ਰਤ ਜੋ ਕਰ ਜਾਣਦਾ ਹੈ ਉਹ ਇਕ ਐਸਾ ਰਸਾਇਣ ਤਿਆਰ ਕਰਦਾ ਹੈ ਜਿਸ ਨੂੰ ਸੇਵ ਕੇ ਤ੍ਰਿਸ਼ਨਾ ਦੀ ਅੱਗ ਬੁਝਦੀ ਹੈ ਪ੍ਰਭੂ ਤਕ ਰਸਾਈ ਹੁੰਦੀ ਹੈ ਤੇ ਅੰਦਰਲੇ ਦੀ ਤਸੱਲੀ ਹੁੰਦੀ ਹੈ।

ਗੁਣ ਗੋਵਿੰਦ ਗਾਵਹੁ ਹਰਿ ਜਨ,
ਰਾਗ ਰਤਨ ਰਸਨਾ ਆਲਾਪ।
ਕੋਟਿ ਜਨਮ ਕੀ ਤ੍ਰਿਸਨਾ ਨਿਵਰੀ,
ਰਾਮ ਰਾਸਾਇਣਿ ਆਤਮ ਧ੍ਰਾਪ। (ਬਿਲਾਵਲ ਮਹੱਲਾ ੫)

ਕੀਰਤਨ ਕਰਨ ਵਾਲਾ ਕਿਨ੍ਹਾਂ ਉਚਾਈਆਂ ਨੂੰ ਜਾ ਛੂਹਦਾ ਹੈ ਉਸ ਦਾ ਚਮਤਕਾਰ ਗੁਰਬਿਲਾਸ ਪਾਤਸ਼ਾਹੀ ਛੇਵੀਂ ਨੇ ਰਬਾਬੀ ਸਤੇ ਤੇ ਬਲਵੰਡ ਜੀ ਦੇ ਚੜ੍ਹਾਈ ਕਰਨ ਵਾਲੇ ਸਤਵੇਂ ਅਧਿਆਇ ਵਿਚ ਦਿੱਤਾ ਹੈ।

ਗੁਰੂ ਹਰਿਗੋਬਿਦ ਜੀ ਜਦ ਡੇਹਰਾ ਸਾਹਿਬ ਲਾਹੌਰ ਦੀ ਉਸਾਰੀ ਲਈ ਆਏ ਤਾਂ ਭਾਈ ਸਤੇ ਤੇ ਬਲਵੰਡ ਜੀ ਨਾਲ ਹੀ ਸਨ। ਇਕ ਦਿਨ ਅੰਮ੍ਰਿਤ ਵੇਲੇ ਜੋ ਕੀਰਤਨ ਪਏ ਕਰਦੇ ਸਨ ਤਾਂ ਕੀਰਤਨ ਰੋਕ ਕੇ ਛੇਵੇਂ ਪਾਤਸ਼ਾਹ ਨੂੰ ਕਹਿਣ ਲੱਗਾ, ਮਹਾਰਾਜ ਇੰਝ ਪ੍ਰਤੀਤ ਹੁੰਦਾ ਹੈ ਕਿ ਸਾਡੇ ਦੋਵਾਂ ਦਾ ਅੰਤਮ ਸਮਾਂ ਨੇੜੇ ਆ ਗਿਆ ਹੈ ਅਤੇ ਇੰਝ ਪਿਆ ਲੱਗਦਾ ਹੈ ਕਿ ਗੁਰੂ ਨਾਨਕ ਜੀ ਮਿਹਰ ਕਰਕੇ ਆਪੂੰ ਲੈਣ ਲਈ ਆ ਰਹੇ ਹਨ।

ਸਿਰਫ ਇਤਨੀ ਮਿਹਰ ਕਰਨੀ ਕਿ ਸਾਨੂੰ ਉਥੇ ਦਫਨਾਉਣਾ ਜਿਥੋਂ ਗੁਰੂ ਅਰਜਨ ਦੇਵ ਜੀ ਨੂੰ ਰਾਵੀ ਦਰਿਆ ਵਿਚ ਰੋੜ੍ਹ ਸ਼ਹੀਦ ਕੀਤਾ ਗਿਆ ਸੀ।

ਇਤਨਾ ਕਹਿੰਦੇ ਸਾਰ ਉਨ੍ਹਾਂ ਅੱਖਾਂ ਮੁੰਦ ਲਈਆਂ ਅਤੇ ਮੁੱਖੋਂ ਸਤਿਨਾਮ ਕਹਿੰਦੇ ਹੀ ਸੁਆਸ ਛੱਡ ਦਿੱਤੇ।

ਗੁਰੂ ਮੂਰਤ ਮਨ ਮੈ ਦ੍ਰਿੜ ਕੀਨੀ

ਸਤਿਨਾਮ ਕਹ ਬਪ (ਸਰੀਰ) ਤਜ ਦੀਨੀ। 503। (ਗੁਰਬਿਲਾਸ ਪਾਤ-ਸ਼ਾਹੀ ਛੇਵੀਂ ਅਧਿਆਇ ਸੱਤਵਾਂ)

ਸ਼ਾਇਦ ਇਹ ਦੁਨੀਆਂ ਭਰ ਵਿਚ ਪਹਿਲੀ ਵਾਰੀ ਹੋਇਆ ਹੈ ਕਿਦੋ ਜਿਸਮ ਇੱਕੋ ਵੇਲੇ, ਇੱਕ ਥਾਂ ਸਵੈਇੱਛਾ ਨਾਲ ਆਪਣੇ ਪ੍ਰਾਣ ਚੜ੍ਹਾ ਲੈਣ । ਕੀਰਤਨ ਕਰਨ ਸੁਣਨ ਵਾਲਾ ਇਸ ਦੁਨੀਆਂ ਦਾ ਜੀਅ ਰਹਿੰਦਾ ਹੀ ਨਹੀਂ । ਮੌਤ ਤੇ ਵੀ ਕਾਬੂ ਪਾਇਆ ਹੁੰਦਾ ਹੈ । ਗੁਰੂ ਹਰਗੋਬਿੰਦ ਦੀ ਆਗਿਆ ਅਨੁਸਾਰ ਦੋਹਾਂ ਦੀ ਕਬਰ ਉਸੇ ਥਾਂ ਬਣਾਈ ਗਈ ਜਿਥੇ ਗੁਰੂ ਅਰਜਨ ਦੇਵ ਜੀ ਨੂੰ ਬੰਨ੍ਹ ਦਰਿਆ ਵਿਚ ਰੋੜ੍ਹ ਸ਼ਹੀਦ ਕੀਤਾ ਗਿਆ ਸੀ ।

ਕਿਤਨਾ ਪਿਆਰ ਕਰਦੇ ਸਨ ਮੀਰੀ ਪੀਰੀ ਦੇ ਮਾਲਕ ਦੋਵਾਂ ਉਨ੍ਹਾਂ ਰਬਾ-ਬੀਆਂ ਨਾਲ ਜਿਨ੍ਹਾਂ ਦੀ 'ਆਖੀ' ਬਾਣੀ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦੇ ਰਾਮ-ਕਲੀ ਰਾਗ ਵਿਚ ਆਪ੍ਹੁ ਗੁਰੂ ਅਰਜਨ ਦੇਵ ਜੀ ਨੇ ਦਰਜ ਕੀਤੀ । ਉਸ ਦਾ ਅੰਦਾਜ਼ਾ ਇਥੋਂ ਲਗਾਓ ਕਿ ਜਦ ਭਾਈ ਬਾਬਕ ਉਨ੍ਹਾਂ ਦੋਵਾਂ ਨੂੰ ਦਫਨ ਕਰਨ ਵੇਲੇ ਵੈਰਾਗ ਮਈ ਕੀਰਤਨ ਕਰ ਰਹੇ ਸਨ ਤਾਂ ਗੁਰੂ ਜੀ ਦੇ ਨੈਣ ਤੱਕ ਛਲਕ ਆਏ । ਆਪਣੇ ਰੁਮਾਲ ਨਾਲ ਹੰਝੂ ਪੂੰਝੇ ।

ਕੀਰਤਨ ਤਾਹਿ ਮਨ ਲਾਯੋ ।
ਨੈਨਕ ਨੀਰ ਰੁਮਾਲ ਹਟਾਯੋ ।

# ਗੁਰੂ ਕਾਵਿ ਦੀ ਕਾਵਿਕ ਤੇ ਸੰਗੀਤਕ ਪਿੱਠ-ਭੂਮੀ

ਡਾ. ਜਾਗੀਰ ਸਿੰਘ

(ਪਿਛਲੇ ਅੰਕ ਤੋਂ ਅੱਗੇ)

ਗੁਰੂ ਕਾਵਿ ਅਤੇ ਰਾਗ ਪਰੰਪਰਾ :—ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਕਵੀਆਂ ਨੇ ਕੁਲ 31 ਰਾਗਾਂ ਵਿਚ ਕਾਵਿ ਰਚਨਾ ਕੀਤੀ ਹੈ। ਇਹਨਾਂ ਵਿਚੋਂ ਗੁਰੂ ਨਾਨਕ ਦੇਵ ਜੀ ਨੇ ਕੇਵਲ 19 ਰਾਗਾਂ ਨੂੰ ਆਪਣੀ ਕਾਵਿ ਰਚਨਾ ਦਾ ਮਾਧਿਅਮ ਬਣਾਇਆ ਹੈ। ਇਹਨਾਂ 19 ਰਾਗਾਂ ਵਿਚੋਂ ਕਝ ਰਾਗਾਂ ਦਾ ਪਹਿਲਾਂ ਹੀ ਭਗਤ ਕਵੀਆਂ ਨੇ ਪ੍ਰਯੋਗ ਕੀਤਾ ਸੀ। ਸਿਰੀ, ਗਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਭੈਰਉ, ਬਸੰਤ, ਸਾਰੰਗ ਅਤੇ ਪ੍ਰਭਾਤੀ ਰਾਗਾਂ ਦਾ ਪ੍ਰਯੋਗ ਭਗਤ ਕਬੀਰ ਜੀ ਨੇ ਕੀਤਾ ਹੈ। ਮਲਾਰ ਰਾਗ ਦਾ ਪ੍ਰਯੋਗ ਭਗਤ ਨਾਮਦੇਵ ਜੀ ਨੇ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਨੇ ਪੂਰਬਕਾਲੀ ਰਾਗ ਪਰੰਪਰਾ ਦੇ ਕਈ ਰਾਗ ਨਹੀਂ ਅਪਣਾਏ। ਗੁਰੂ ਗ੍ਰੰਥ ਸਾਹਿਬ ਦੇ ਹੀ ਬਾਰਾਂ ਰਾਗ—ਦੇਵ ਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੋਂਡ, ਨਟ ਨਰਾਇਣ, ਮਾਲੀ ਗਉੜਾ, ਕੇਦਾਰ, ਕਾਨੜਾ ਤੇ ਕਲਿਆਣ, ਗੁਰੂ ਨਾਨਕ ਦੇਵ ਜੀ ਨੇ ਆਪਣੀ ਕਾਵਿ ਬਾਣੀ ਵਿਚ ਪ੍ਰਯੋਗ ਨਹੀਂ ਕੀਤੇ।

ਇਹਨਾਂ ਰਾਗਾਂ ਵਿਚੋਂ ਬਿਹਾਗੜਾ, ਗੋਂਡ ਅਤੇ ਕੇਦਾਰਾ ਰਾਗ ਦਾ ਪ੍ਰਯੋਗ ਭਗਤ ਕਬੀਰ ਜੀ ਨੇ ਕੀਤਾ ਹੈ ਅਤੇ ਟੋਡੀ ਤੇ ਮਾਲੀ ਗਉੜਾ ਰਾਗਾਂ ਵਿਚ ਭਗਤ ਨਾਮਦੇਵ ਜੀ ਨੇ ਕਾਵਿ ਰਚਨਾ ਕੀਤੀ ਹੈ।

ਗੁਰੂ ਨਾਨਕ ਦੇਵ ਜੀ ਨੇ ਮਾਝ, ਵਡਹੰਸ ਅਤੇ ਤੁਖਾਰੀ ਨਵੇਂ ਰਾਗ ਪ੍ਰਯੋਗ ਕੀਤੇ ਹਨ।

ਗੁਰੂ ਅੰਗਦ ਦੇਵ ਜੀ ਦੇ ਕੇਵਲ 62 ਸਲੋਕ ਹਨ, ਜੋ ਗੁਰੂ ਗ੍ਰੰਥ ਸਾਹਿਬ ਵਿਚ ਦਸ ਵਾਰਾਂ ਵਿਚ ਦਰਜ਼ ਕੀਤੇ ਗਏ ਹਨ। ਗੁਰੂ ਅਮਰਦਾਸ ਜੀ ਨੇ ਜਿਹੜੇ 17 ਰਾਗਾਂ ਵਿਚ ਰਚਨਾ ਕੀਤੀ ਹੈ, ਉਹ ਸਾਰੇ ਗੁਰੂ ਨਾਨਕ ਦੇਵ ਜੀ ਰਾਹੀਂ ਪ੍ਰਯੋਗ ਕੀਤੇ ਗਏ ਹਨ। ਉਹਨਾਂ ਤਿਲੰਗ ਅਤੇ ਤੁਖਾਰੀ ਰਾਗ ਨੂੰ ਆਪਣੀ ਕਾਵਿ ਰਚਨਾ ਦਾ ਮਾਧਿਅਮ ਨਹੀਂ ਬਣਾਇਆ।

ਗੁਰੂ ਰਾਮ ਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਦੇ 19 ਰਾਗਾਂ ਦੀ ਗਿਣਤੀ ਇਕ-ਦਮ 30 ਤੱਕ ਪਹੁੰਚਾ ਦਿੱਤੀ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੇ 19 ਰਾਗਾਂ ਤੋਂ ਇਲਾਵਾ ਗਿਆਰਾਂ ਨਵੇਂ ਰਾਗਾਂ ਦਾ ਪ੍ਰਯੋਗ ਕੀਤਾ। ਇਹ ਰਾਗ ਹਨ—ਦੇਵ ਗੰਧਾਰੀ, ਬਿਹਾਗੜਾ, ਜੈਤਸਰੀ, ਟੋਡੀ, ਬੈਰਾੜੀ, ਗੋਂਡ, ਨਟ ਨਰਾਇਣ, ਮਾਲੀ ਗਉੜਾ, ਕੇਦਾਰਾ, ਕਾਨੜਾ ਅਤੇ ਕਲਿਆਣ। ਇਹਨਾਂ ਗਿਆਰਾਂ ਰਾਗਾਂ ਵਿਚੋਂ ਸੱਤ ਰਾਗ ਗੁਰੂ

ਗ੍ਰੰਥ ਸਾਹਿਬ ਵਿਚ ਦਰਜ ਭਗਤ ਕਵੀਆਂ ਦੀ ਬਾਣੀ ਵਿਚ ਪ੍ਰਯੋਗ ਹੋਏ ਹਨ। ਟੋਡੀ, ਮਾਲੀ ਗਾਉੜਾ, ਗੌਂਡ ਅਤੇ ਕਾਨੜਾ ਰਾਗਾਂ ਵਿਚ ਭਗਤ ਨਾਮਦੇਵ ਨੇ ਰਚਨਾ ਕੀਤੀ ਹੈ। ਕਬੀਰ ਜੀ ਨੇ ਬਿਹਾਗੜਾ, ਕੇਦਾਰਾ ਅਤੇ ਗੌਂਡ ਰਾਗ ਦਾ ਪ੍ਰਯੋਗ ਕੀਤਾ ਹੈ। ਭਗਤ ਰਵਿਦਾਸ ਜੀ ਦਾ ਜੈਤਸਰੀ ਰਾਗ ਵਿਚ ਇਕ ਪਦਾ ਉਪਲਬਧ ਹੈ।

ਇਸ ਤਰ੍ਹਾਂ ਗੁਰੂ ਰਾਮਦਾਸ ਜੀ ਨੇ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਭਗਤ ਅਤੇ ਗੁਰੂ ਕਵੀਆਂ ਰਾਹੀਂ ਪ੍ਰਯੋਗ ਕੀਤੇ ਰਾਗਾਂ ਤੋਂ ਵੱਖਰੇ ਕੇਵਲ ਦੇਵ ਗੰਧਾਰੀ, ਬੈਰਾੜੀ, ਨਟ ਨਰਾਇਣ ਅਤੇ ਕਲਿਆਣ, ਨਵੇਂ ਰਾਗ ਪ੍ਰਯੋਗ ਕੀਤੇ ਹਨ। ਇਹਨਾਂ ਰਾਗਾਂ ਵਿਚੋਂ ਵੀ ਬੈਰਾੜੀ ਰਾਗ ਦਾ ਪ੍ਰਯੋਗ ਜੈ ਦੇਵ ਨੇ 'ਗੀਤ ਗੋਵਿੰਦ' ਵਿਚ ਕੀਤਾ ਹੈ।

ਗੁਰੂ ਅਰਜਨ ਦੇਵ ਜੀ ਨੇ ਪਹਿਲੇ ਗੁਰੂ ਸਾਹਿਬਾਨ ਰਾਹੀਂ ਪ੍ਰਯੋਗ ਹੋਏ ਸਾਰੇ ਰਾਗਾਂ ਵਿਚ ਕਾਵਿ ਰਚਨਾ ਕੀਤੀ ਹੈ।

ਗੁਰੂ ਤੇਗ ਬਹਾਦਰ ਜੀ ਨੇ ਪੰਦਰਾਂ ਰਾਗਾਂ ਵਿਚ ਕਾਵਿ ਰਚਨਾ ਕੀਤੀ ਹੈ। ਇਹਨਾਂ ਵਿਚੋਂ 14 ਰਾਗ ਪਹਿਲੇ ਗੁਰੂ ਸਾਹਿਬਾਨ ਰਾਹੀਂ ਪ੍ਰਯੋਗ ਹੋਏ ਹਨ। ਕੇਵਲ ਜੈਜਾਵੰਤੀ ਰਾਗ ਹੀ ਅਜਿਹਾ ਹੈ ਜਿਹੜਾ ਕੇਵਲ ਗੁਰੂ ਤੇਗ ਬਹਾਦਰ ਜੀ ਨੇ ਹੀ ਪ੍ਰਯੋਗ ਕੀਤਾ ਹੈ। ਇਹ ਰਾਗ ਗੁਰੂ ਗ੍ਰੰਥ ਸਾਹਿਬ ਦੇ ਭਗਤ ਕਵੀਆਂ ਨੇ ਵੀ ਪ੍ਰਯੋਗ ਨਹੀਂ ਕੀਤਾ।

ਇਸ ਸਮੁੱਚੇ ਅਧਿਐਨ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਗੁਰੂ ਕਾਵਿ ਵਿਚ ਪ੍ਰਯੁਕਤ 31 ਰਾਗਾਂ ਵਿਚੋਂ ਮਾਝ, ਵਡਹੰਸ, ਤੁਖਾਰੀ, ਦੇਵ ਗੰਧਾਰੀ, ਨਟ ਨਰਾਇਣ, ਕਲਿਆਣ ਅਤੇ ਜੈਜਾਵੰਤੀ ਅਜਿਹੇ ਰਾਗ ਹਨ ਜਿਹਨਾਂ ਨੂੰ ਗੁਰੂ ਸਾਹਿਬਾਨ ਨੇ ਹੀ ਪ੍ਰਯੋਗ ਕੀਤਾ ਹੈ।

**ਗੁਰੂ ਗ੍ਰੰਥ ਸਾਹਿਬ ਵਿਚ ਦਰਜ ਰਾਗ ਮਾਲਾ :—**ਮੱਧ ਕਾਲ ਵਿਚ ਰਾਗਾਂ ਦਾ ਵਰਗੀਕਰਣ ਪਤੀ, ਪਤਨੀ, ਪੁੱਤਰ ਅਤੇ ਨੂੰਹਾਂ ਆਦਿ ਦੇ ਰੂਪ ਵਿਚ ਕੀਤਾ ਜਾਂਦਾ ਸੀ। ਇਸ ਸੰਬੰਧ ਨੂੰ ਦਰਸਾਉਣ ਲਈ ਕਈ ਸੰਗੀਤਕਾਰਾਂ ਨੇ ਕਾਵਿ-ਰਚਨਾ ਕੀਤੀ ਹੈ। ਇਹੋ ਜਿਹੀ ਰਚਨਾ ਨੂੰ ਰਾਗਮਾਲਾ ਕਿਹਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਵੀ ਇਕ ਅਜਿਹੀ ਰਾਗਮਾਲਾ ਦਰਜ ਹੋਈ ਹੈ। ਇਹ ਰਾਗਮਾਲਾ ਗੁਰੂ ਗ੍ਰੰਥ ਸਾਹਿਬ ਦੇ ਅਖ਼ੀਰ ਵਿਚ ਦਰਜ ਹੈ। ਇਸ ਵਿਚ ਚਾਰ ਦੋਹਿਰੇ ਇਕ ਸੋਰਠਾ ਅਤੇ ਪੰਜ ਪੰਜ ਬੰਦਾਂ ਦਾ ਨਿਸ਼ਾਨੀ ਛੰਦ ਹੈ। ਪਹਿਲਾਂ ਪੰਜ ਬੰਦ ਨਿਸ਼ਾਨੀ ਛੰਦ ਦੇ ਫਿਰ ਦੋਹਿਰਾ ਦਰਜ ਹੈ। ਇਸ ਰਾਗਮਾਲਾ ਵਿਚ ਛੇ ਮੁੱਖ ਰਾਗਾਂ ਦੇ ਨਾਮ ਰਾਗਾਂ ਦੀਆਂ ਪਤਨੀਆਂ ਅਤੇ ਪੁੱਤਰਾਂ ਬਾਰੇ ਦੱਸਿਆ ਹੈ। ਆਖ਼ਰੀ ਦੋਹਿਰੇ ਵਿਚ ਪੂਰੇ ਰਾਗਾਂ ਅਤੇ ਰਾਗਣੀਆਂ ਦੀ ਗਿਣਤੀ ਦਿੱਤੀ ਗਈ ਹੈ।

ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ
ਸਭੈ ਪੂਤ੍ਰ ਰਾਗਨ ਕੇ ਅਠਾਰਹ ਦਸ ਬੀਸ ।[1]

ਆਦਿ ਗ੍ਰੰਥ, ਪੰਨਾ 1430 (ਚਲਦਾ)